# ਧਰਮ

(1) ਧਰਮ ਸ਼ਰੇਸ਼ਟ ਮੰਗਲ ਹੈ। ਅਹਿੰਸਾ, ਸੰਜਮ ਤੇ ਤਪ ਧਰਮ ਦੇ ਰੂਪ ਹਨ। ਜੋ ਇਸ ਪ੍ਰਕਾਰ ਦੇ ਧਰਮ ਦਾ ਪਾਲਣ ਕਰਦਾ ਹੈ। ਉਸ ਨੂੰ ਦੇਵਤੇ ਵੀ ਨਮਸਕਾਰ ਕਰਦੇ ਹਨ। **—ਦਸ਼ਵੈਕਾਲਿਕ**

(2) ਧਰਮ ਹੀ ਇਕ ਅਜਿਹਾ ਪਵਿਤਰ ਕੰਮ ਹੈ ਜਿਸ ਰਾਹੀਂ ਆਤਮਾ ਦੀ ਸ਼ੁਧੀ ਹੁੰਦੀ ਹੈ। **—ਅਚਾਰਾਂਗ**

(3) ਹਮੇਸ਼ਾ ਸੰਸਾਰਿਕ ਕਾਮਭੋਗਾਂ ਵਿਚ ਫਸਿਆ ਮੂਰਖ ਧਰਮ ਦੇ ਤੱਤ ਨੂੰ ਪਛਾਣ ਨਹੀਂ ਸਕਦਾ। **—ਉਤਰਾ:**

(4) ਹੇ ਰਾਜਨ ! ਇਕ ਧਰਮ ਹੀ ਰਖਿਆ ਕਰਨ ਵਾਲਾ ਹੈ। ਉਸ ਧਰਮ ਤੋਂ ਬਿਨਾ ਕੋਈ ਰਖਿਅਕ ਨਹੀਂ। **—ਉਤਰਾ:**

(5) ਆਰੀਆ (ਸ਼ਰੇਸ਼ਟ) ਪੁਰਸ਼ਾਂ ਨੇ ਜੀਵਨ ਦੀ ਇਕ ਸੁਰਤਾ (ਸਮਤਾ) ਵਿਚ ਹੀ ਧਰਮ ਆਖਿਆ ਹੈ। **—ਅਚ ਰਾਂਗ**

(6) ਧਰਮ ਦੇ ਦੋ ਰੂਪ ਹਨ (1) ਸ਼ਰੁਤ ਧਰਮ (ਤੀਰਥੰਕਰਾਂ ਦਾ ਸ਼ਾਸਤਰ ਉਪਦੇਸ਼) (2) ਚਾਰਿਤਰ ਧਰਮ (ਸਾਧੂ ਤੇ ਉਪਾਸਕ ਦਾ ਧਰਮ)

(7) ਧਰਮ ਦੀਵੇ ਦੀ ਤਰ੍ਹਾਂ ਅਗਿਆਨਤਾ ਰੂਪੀ ਹਨੇਰੇ ਦਾ ਨਾਸ਼ ਕਰਦਾ ਹੈ। **—ਸੂਤ੍ਰਕ੍ਰਿਤਾਂਗ**

(8) ਬੁਧੀਮਾਨ ਪੁਰਸ਼ ਨੂੰ ਧਰਮ ਦਾ ਗਿਆਨ ਕਰਨਾ ਚਾਹੀਦਾ ਹੈ। — **—ਅਚਾਰਾਂਗ**

(9) ਸਰਲ ਆਤਮਾ ਹੀ ਸ਼ੁਧ ਹੁੰਦੀ ਹੈ ਅਤੇ ਸ਼ੁਧ ਆਤਮਾ ਅੰਦਰ ਧਰਮ ਨਿਵਾਸ ਕਰਦਾ ਹੈ। **—ਉਤਰਾਧਿਐਨ**

(10) ਧਰਮ ਦਾ ਮੂਲ (ਕੇਂਦਰ) ਵਿਨੈ ਹੈ ਅਤੇ ਧਰਮ ਦਾ ਫਲ ਮੋਕਸ਼ (ਮੁਕਤੀ) ਹੈ। **—ਦਸ਼ਵੈਕਾਲਿਕ**

●

# ਅਹਿੰਸਾ

(1) ਜਿਵੇਂ ਮੈਨੂੰ ਦੁੱਖ ਚੰਗਾ ਨਹੀਂ ਲਗਦਾ, ਉਸੇ ਪ੍ਰਕਾਰ ਸਾਰੇ ਜੀਵਾਂ ਨੂੰ ਦੁਖ ਚੰਗਾ ਨਹੀਂ ਲਗਦਾ। ਇਹ ਸਮਝ ਕੇ ਜੋ ਨਾ ਆਪ ਹਿੰਸਾ ਕਰਦਾ ਹੈ ਅਤੇ ਨਾ ਦੂਸਰੇ ਤੋਂ ਕਰਵਾਉਂਦਾ ਹੈ ਅਤੇ ਨਾ ਹੀ ਹਿੰਸਾ ਨੂੰ ਚੰਗਾ ਸਮਝਦਾ ਹੈ। ਉਹ ਹੀ ਭਿਕਸ਼ੂ ਜਾਂ ਸ਼੍ਰਮਣ ਹੈ।

(2) ਕਿਸੇ ਪ੍ਰਾਣੀ ਦੀ ਹਿੰਸਾ ਨਾ ਕਰਨਾ ਹੀ ਗਿਆਨੀਆਂ ਦੇ ਗਿਆਨ ਦਾ ਸਾਰ ਹੈ। **—ਸੂਤਰਕ੍ਰਿਤਾਂਗ**

(3) ਦੁਸ਼ਮਨ ਅਤੇ ਮਿੱਤਰ ਦੋਹਾਂ ਪ੍ਰਤਿ ਇਕੋ ਜਿਹਾ ਦਰਿਸ਼ਟੀਕੋਣ ਅਹਿੰਸਾ ਹੈ। **—ਉਤਰਾਧਿਐਨ**

(4) ਵੈਰ ਰੱਖਣ ਵਾਲਾ ਮਨੁੱਖ ਸਦਾ ਵੈਰ ਹੀ ਕਰਦਾ ਹੈ। ਉਹ ਵੈਰ ਵਿਚ ਹੀ ਆਨੰਦ ਮੰਨਦਾ ਹੈ। ਹਿੰਸਕ ਕਰਮ ਪਾਪਾਂ ਨੂੰ ਜਨਮ ਦੇਣ ਵਾਲੇ ਹਨ। ਅਤੇ ਸਮੇਂ ਪਾ ਕੇ ਇਹ ਦੁਖ ਦਾ ਕਾਰਣ ਬਣਦੇ ਹਨ। **—ਸੂਤਰਕ੍ਰਿਤਾਂਗ**

(5) ਸਾਰੇ ਜੀਣਾ ਚਾਹੁੰਦੇ ਹਨ, ਮਰਨਾ ਕੋਈ ਨਹੀਂ ਚਾਹੁੰਦਾ। **—ਦਸ਼ਵੈਕ ਲਿਕ**

(6) ਅਹਿੰਸਾ ਤਰੱਸ (ਹਿਲਣ-ਚਲਣ ਵਾਲੇ), ਸਥਾਵਰ (ਸਥਿਰ), ਦੋਹਾਂ ਪ੍ਰਕਾਰ ਦੇ ਜੀਵਾਂ ਦਾ ਭਲਾ ਅਤੇ ਮੰਗਲ ਕਰਨ ਵਾਲੀ ਹੈ। **—ਪ੍ਰਸ਼ਨ:**

(7) ਡਰੇ ਜੀਵਾਂ ਲਈ, ਜਿਵੇਂ ਕੋਈ ਛੋਟਾ ਜਿਹਾ ਆਸਰਾ ਹੀ ਉਤਮ ਹੁੰਦਾ ਹੈ ਉਸੇ ਪ੍ਰਕਾਰ ਸਾਰੇ ਜੀਵਾਂ ਲਈ ਅਹਿੰਸਾ ਉੱਤਮ ਹੈ। **—ਪ੍ਰਸ਼ਨ ਵਿਆਕਰਨ**

(8) ਸਾਰੇ ਜੀਵਾਂ ਪ੍ਰਤੀ ਦੋਸਤੀ ਦੀ ਭਾਵਨਾ ਰਖੋ। **—ਉਤਰਾਧਿਐਨ**

(9) ਜੀਵ ਹਿੰਸਾ ਆਪਣੀ ਹਿੰਸਾ ਹੈ। ਜੀਵਾਂ ਪ੍ਰਤੀ ਦਿਆ ਆਪਣੇ ਪ੍ਰਤੀ ਦਿਆ ਹੈ। ਇਸ ਦਰਿਸ਼ਟੀ ਨੂੰ ਲੈ ਕੇ ਸੱਚਾ ਸਾਧੂ ਹਮੇਸ਼ਾ ਹਿੰਸਾ ਦਾ ਤਿਆਗ ਕਰਦਾ ਹੈ। **—ਭਗਵਤੀ**

(10) ਸੰਸਾਰ ਵਿਚ ਜੋ ਕੁਝ ਸੁਖ, ਵਡਿਆਈ, ਸਹਿਜ, ਸੁੰਦਰਤਾ, ਅਰੋਗਤਾ ਅਤੇ ਸੁਭਾਗ ਵਿਖਾਈ ਦਿੰਦੇ ਹਨ ਸਭ ਅਹਿੰਸਾ ਦਾ ਫਲ ਹਨ। **—ਭਗਵਤੀ**

(11) ਸੰਸਾਰ ਵਿਚ ਜਿਵੇਂ ਸਮੇਰੂ ਤੋਂ ਉੱਚੀ ਅਤੇ ਅਕਾਸ਼ ਤੋਂ ਵਿਸ਼ਾਲ ਕੋਈ ਦੂਸਰੀ ਚੀਜ਼ ਨਹੀਂ ਉਸ ਪ੍ਰਕਾਰ ਇਹ ਗੱਲ ਵਿਸ਼ਵਾਸ਼ ਕਰਨ ਵਾਲੀ ਹੈ ਕਿ ਅਹਿੰਸਾ ਤੋਂ ਬੜਾ ਕੋਈ ਧਰਮ ਨਹੀਂ। **—ਭਗਵਤੀ**

(12) ਜੀਵ ਹਿੰਸਾ ਹੀ ਪਾਪ ਕਰਮ ਦੇ ਬੰਧਨ ਦਾ ਕਾਰਣ ਹੈ। ਇਹ ਹਿੰਸਾ ਹੀ ਮੌਤ ਅਤੇ ਨਰਕ ਹੈ। **—ਅਚਾਰਾਂਗ**

# ਸੱਚ

(1) ਮਨੁੱਖ ! ਸਚ ਨੂੰ ਪਛਾਣ । ਜੋ ਵਿਦਵਾਨ ਸਚ ਨੂੰ ਪਛਾਣ ਕੇ, ਸਚ ਦੇ ਮਾਰਗ ਤੇ ਚਲਦਾ ਹੈ ਉਹ ਮੌਤ ਤੋਂ ਪਾਰ ਹੋ ਜਾਂਦਾ ਹੈ । **ਅਚਾਰਾਂਗ**

(2) ਸੱਚ ਹੀ ਭਗਵਾਨ ਹੈ । **—ਪ੍ਰਸ਼ਨ ਵਿਆਕਰਨ**

(3) ਸਦਾ ਹਿਤਕਾਰੀ ਵਾਕ ਬੋਲਣਾ ਚਾਹੀਦਾ ਹੈ । **—ਉਤਰਾਧਿਐਨ**

(4) ਇਸ ਲੋਕ ਵਿਚ ਸੱਚ ਹੀ ਸਾਰ ਤਤਵ ਹੈ । ਇਹ ਮਹਾਂ (ਵਿਸ਼ਾਲ) ਸਮੁਦਰ ਤੋਂ ਵੀ ਗਭੀਰ ਹੈ । **—ਪ੍ਰਸ਼ਨ ਵਿਆਕਰਨ**

(5) ਆਪਣੇ ਸਵਾਰਥ ਦੇ ਲਈ ਜਾਂ ਦੂਸਰੇ ਦੇ ਲਈ, ਕਰੋਧ ਅਤੇ ਭੈ ਨਾਲ ਕਿਸੇ ਮੌਕੇ ਤੇ ਵੀ ਦੂਸਰੇ ਨੂੰ ਕਸ਼ਟ ਦੇਣ ਵਾਲਾਂ ਝੂਠ ਨਾ ਬੋਲੋ, ਨਾ ਦੂਸਰੇ ਤੋਂ ਬੁਲਵਾਏ ।

**—ਦਸ਼ਵੈਕਾਲਿਕ**

(6) ਮਨੁੱਖ ਲੋਭ ਤੋਂ ਪ੍ਰੇਰਤ ਹੋ ਕੇ ਝੂਠ ਬੋਲਦਾ ਹੈ । **—ਪ੍ਰਸ਼ਨ ਵਿਆਕਰਨ**

(7) ਆਪਣੀ ਆਤਮਾ ਰਾਹੀਂ ਸੱਚ ਦੀ ਖੋਜ ਕਰੋ । **—ਉਤਰਾਧਿਐਨ**

(8) ਲੋਹੇ ਦੇ ਟੁਕੜੇ (ਤੀਰ) ਤਾਂ ਥੋੜੀ ਦੇਰ ਲਈ ਦੁੱਖ ਦਿੰਦੇ ਹਨ । ਇਹ ਟੁਕੜੇ ਅਸਾਨੀ ਨਾਲ ਸਰੀਰ ਵਿਚੋਂ ਕੱਢੇ ਜਾ ਸਕਦੇ ਹਨ, ਪਰ ਸ਼ਬਦਾਂ ਨਾਲ ਆਖੇ ਤਿਖੇ ਬਚਨਾਂ ਦੇ ਤੀਰ ਵੈਰ ਵਿਰੋਧ ਦੀ ਪ੍ਰੰਪਰਾ ਨੂੰ ਵਧਾ ਕੇ ਕਰੋਧ ਉਤਪੰਨ ਕਰਦੇ ਹਨ ਅਤੇ ਜੀਵਨ ਭਰ ਇਨ੍ਹਾਂ ਕੌੜੇ ਬਚਨਾਂ ਦਾ ਜੀਵਨ ਵਿਚੋਂ ਨਿਕਲਣਾ ਕਠਿਣ ਹੈ ।

●

# ਅਸਤੇ (ਚੋਰੀ ਨਾ ਕਰਨਾ)

(1) ਅੱਸਤੇ ਵਰਤ ਵਿਚ ਵਿਸ਼ਵਾਸ ਰਖਣ ਵਾਲਾ ਮਨੁੱਖ ਬਿਨਾ ਇਜਾਜ਼ਤ ਤੋਂ ਦਦ ਕਰੇਦਨ ਵਾਲਾ ਤਿਨਕਾ ਵੀ ਨਹੀਂ ਲੈਂਦਾ । **—ਪ੍ਰਸ਼ਨ ਵਿਆਕਰਨ**

(2) ਕਿਸੇ ਦੀ ਵਸਤੂ ਇਜਾਜ਼ਤ ਨਾਲ ਹੀ ਗ੍ਰਹਿਣ ਕਰਨੀ ਚਾਹੀਦੀ ਹੈ ।

**—ਪ੍ਰਸ਼ਨ ਵਿਆਕਰਨ**

(3) ਜਿਹੜਾ ਪ੍ਰਾਪਤ ਪਦਾਰਥਾਂ ਨੂੰ ਵੰਡ ਕੇ ਨਹੀਂ ਖਾਂਦਾ ਉਹ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ । **—ਦਸਵੈਕਾਲਿਕ**

# ਬ੍ਰਹਮਚਰਜ

(1) ਜੋ ਮਨੁੱਖ ਔਖੇ ਬ੍ਰਹਮਚਰਜ ਦਾ ਪਾਲਣ ਕਰਦਾ ਹੈ ਉਸ ਬ੍ਰਹਮਚਾਰੀ ਨੂੰ ਦੇਵਤੇ, ਦਾਨਵ, ਗੰਧਰਵ, ਜੱਖ, ਰਾਖਸ਼ ਅਤੇ ਕਿੰਨਰ ਵੀ ਨਮਸਕਾਰ ਕਰਦੇ ਹਨ।

**—ਉਤਰਾਧਿਐਨ**

(2) ਸਾਰੀ ਤਪਸਿਆਵਾਂ ਵਿਚੋਂ ਬ੍ਰਹਮਚਰਜ ਮਹਾਨ ਤਪ ਹੈ। **—ਸਤਰਕ੍ਰਿਤਾਂਗ**

(3) ਬ੍ਰਹਮਚਰਜ, ਉੱਤਮ ਤਪ, ਨਿਯਮ, ਗਿਆਨ, ਦਰਸ਼ਨ, ਚਾਰਿਤਰ, ਸਮਿਅਕਤਵ ਅਤੇ ਵਿਨੈ ਆਦਿ ਗੁਣਾਂ ਦਾ ਮੂਲ (ਕੇਂਦਰ) ਹੈ। **—ਪ੍ਰਸ਼ਨ ਵਿਆਕਰਨ**

(4) ਇਕ ਬ੍ਰਹਮਚਰਜ ਦੀ ਸ਼ਾਧਨਾ ਕਰਨ ਵਾਲੇ ਨੂੰ ਅਨੇਕਾਂ ਗੁਣ ਆਪਣੇ ਆਪ ਪ੍ਰਾਪਤ ਹੋ ਜਾਂਦੇ ਹਨ। **—ਉਤਰਾਧਿਐਨ**

(5) ਔਖੇ ਬ੍ਰਹਮਚਰਜ ਵਰਤ ਨੂੰ ਧਾਰਨ ਕਰਨਾ ਬਹੁਤ ਕਠਿਣ ਹੈ।

**—ਦਸ਼ਵੈਕਾਲਿਕ**

(6) ਧੀਰ ਪੁਰਸ਼ ! ਭੋਗਾਂ ਦੀ ਆਸ ਛੱਡ। ਤੂੰ ਇਸ ਭੋਗ ਰੂਪੀ ਕੰਡੇ ਤੋਂ ਕਿਉਂ ਦੁਖੀ ਹੁੰਦਾ ਹੈਂ ? **—ਅਚਾਰਾਂਗ**

(7) ਦੇਵਤਿਆਂ ਸਮੇਤ ਸਾਰੇ ਸੰਸਾਰ ਦੇ ਦੁਖਾਂ ਦਾ ਮੂਲ ਕਾਰਣ ਕਾਮ ਭੋਗ ਹਨ। ਕਾਮ ਭੋਗਾਂ ਉਪਰ ਜਿੱਤ ਹਾਸਲ ਕਰਨ ਵਾਲਾ ਸਾਧਕ, ਸਭ ਪ੍ਰਕਾਰ ਦੇ ਸ਼ਰੀਰਕ ਤੇ ਮਾਨਸਿਕ ਕਸ਼ਟਾਂ ਤੋਂ ਛੁਟਕਾਰਾ ਪਾ ਲੈਂਦਾ ਹੈ। **—ਉਤਰਾਧਿਐਨ**

(8) ਇੰਦਰੀਆਂ ਦੇ ਵਿਸ਼ੇ ਨੂੰ ਸੰਸਾਰ ਆਖਦੇ ਹਨ। ਸੰਸਾਰ ਹੀ ਇੰਦਰੀਆਂ ਦਾ ਵਿਸ਼ਾ ਹੈ। **—ਅਚਾਰਾਂਗ**

(9) ਜਿਵੇਂ ਕਛੂ ਖਤਰੇ ਦੀ ਜਗ੍ਹਾ, ਆਪਣੇ ਅੰਗਾਂ ਨੂੰ ਸ਼ਰੀਰ ਵਿਚ ਸਮੇਟ ਲੈਂਦਾ ਹੈ, ਉਸੇ ਪ੍ਰਕਾਰ ਗਿਆਨੀ ਮਨੁੱਖ ਵੀ ਵਿਸ਼ੇ ਵਿਕਾਰ ਤੋਂ ਮੋਹ ਤੋੜ ਕੇ ਇੰਦਰੀਆਂ ਨੂੰ ਆਤਮ ਗਿਆਨ ਅੰਦਰ ਇਕੱਠਾ ਕਰਕੇ ਰੱਖੇ। **—ਸੂਤਰਕ੍ਰਿਤਾਂਗ**

(10) ਜੋ ਮਨੁੱਖ ਸੁੰਦਰ ਅਤੇ ਪਿਆਰੇ ਭੋਗਾਂ ਨੂੰ ਪ੍ਰਾਪਤ ਕਰਕੇ ਵੀ ਉਨ੍ਹਾਂ ਤੋਂ ਪਿੱਠ ਫੇਰ ਲੈਂਦਾ ਹੈ। ਸਭ ਪ੍ਰਕਾਰ ਦੇ ਭੋਗਾਂ ਦਾ ਤਿਆਗ ਕਰਦਾ ਹੈ ਉਹ ਹੀ ਸੱਚਾ ਤਿਆਗੀ ਹੈ। **—ਦਸ਼ਵੈਕਾਲਿਕ**

# ਅਪਰਿਗ੍ਰਹਿ

## (ਜ਼ਰੂਰਤ ਤੋਂ ਵੱਧ ਵਸਤੂਆਂ ਦਾ ਸੰਗ੍ਰਹਿ ਨਾ ਕਰਨਾ)

(1) ਸੰਸਾਰ ਵਿਚ ਸਭ ਜੀਵਾਂ ਨੂੰ ਜਕੜਨ ਵਾਲੀ ਸੰਗ੍ਰਹਿ ਵਿਰਤੀ ਤੋਂ ਬੜੀ ਕੋਈ ਜੰਜੀਰ ਨਹੀਂ। **—ਪ੍ਰਸ਼ਨ ਵਿਆਕਰਨ**

(2) ਜੋ ਮੋਹ ਮਮਤਾ ਵਾਲੀ ਬੁੱਧੀ ਦਾ ਤਿਆਗ ਕਰਦਾ ਹੈ ਉਹ ਮੋਹ ਮਮਤਾ ਦਾ ਤਿਆਗ ਕਰਦਾ ਹੈ, ਅਜਿਹਾ ਜੀਵ ਹੀ ਸੰਸਾਰ ਦਾ ਜੇਤੂ ਹੈ ਜੋ ਮੋਹ ਮਮਤਾ ਨਹੀਂ ਰਖਦਾ।

**—ਅਚਾਰਾਂਗ**

(3) ਜੀਵ ਆਤਮਾ ਨੂੰ, ਜੋ ਅੱਜ ਤਕ ਦੁਖਾਂ ਦੀ ਵਿਰਾਸਤ ਮਿਲੀ ਹੈ ਉਹ ਪਰ ਪਦਾਰਥਾਂ ਪ੍ਰਤੀ ਮਿਲਾਪ ਕਾਰਣ ਮਿਲੀ ਹੈ, ਅਜਿਹੇ ਸਬੰਧ ਹਮੇਸ਼ਾ ਲਈ ਤਿਆਗ ਦੇਣੇ ਚਾਹੀਦੇ ਹਨ। **—ਦਸ਼ਵੈਕਾਲਿਕ**

(4) ਵਸਤੂ ਪ੍ਰਤੀ ਲਗਾਵ ਦੀ ਭਾਵਨਾ ਹੀ ਪਰਿਗ੍ਰਹਿ ਹੈ।**— ਪ੍ਰਸ਼ਨ ਵਿਆਕਰਣ**

(5) ਪ੍ਰਮਾਦੀ (ਅਣਗਹਿਲੀ ਕਰਨ ਵਾਲਾ) ਮਨੁੱਖ ਧਨ ਰਾਹੀਂ ਨਾ ਇਸ ਲੋਕ ਵਿਚ ਆਪਣੀ ਰਖਿਆ ਕਰ ਸਕਦਾ ਹੈ ਅਤੇ ਨਾ ਪਰਲੋਕ ਵਿਚ। **—ਪ੍ਰਸ਼ਨ ਵਿਆਕਰਨ**

(6) ਮੁਨੀ ਜੋ ਵੀ ਕਪੜੇ, ਭਾਂਡੇ, ਕੰਬਲ ਅਤੇ ਰਜੋਹਰਨ ਰਖਦੇ ਹਨ ਉਹ ਸਭ ਸੰਜਮ ਦੀ ਰਖਿਆ ਲਈ ਰਖਦੇ ਹਨ। ਇਨ੍ਹਾਂ ਸੰਗ੍ਰਿਹਾਂ ਪਿਛੇ ਕੋਈ ਵਸਤਾਂ ਦੇ ਇਕੱਠ ਦੀ ਭਾਵਨਾ ਕੰਮ ਨਹੀਂ ਕਰਦੀ। **—ਦਸ਼ਵੈਕਾਲਿਕ**

(7) ਸੰਸਾਰ ਵਿਚ ਪਰਿਗ੍ਰਹਿ ਤੋਂ ਬੜਾ ਕੋਈ ਜੰਜਾਲ ਜਾਂ ਜੰਜੀਰ ਨਹੀਂ।

**—ਪ੍ਰਸ਼ਨ ਵਿਆਕਰਨ**

(8) ਇਛਾਵਾਂ ਅਕਾਸ਼ ਤੋਂ ਵੀ ਉਚੀਆਂ ਹੁੰਦੀਆਂ ਹਨ। **—ਉਤਰਾਧਿਐਨ**

(9) ਕਾਮਨਾਵਾਂ ਦਾ ਅੰਤ ਕਰਨਾ ਹੀ ਦੁਖਾਂ ਦਾ ਅੰਤ ਕਰਨਾ ਹੈ।

**—ਦਸ਼ਵੈਕਾਲਿਕ**

(10) ਸਭ ਪੱਖੋਂ ਅਹਿੰਸਾ ਤੇ ਮਮਤਾ ਰਹਿਤ ਹੋਣਾ ਬਹੁਤ ਮੁਸ਼ਕਲ ਹੈ।

**—ਉਤਰਾਧਿਐਨ**

(11) ਸੱਚਾ ਸਾਧੂ ਸ਼ਰੀਰ ਪ੍ਰਤੀ ਵੀ ਮਮਤਾ ਨਹੀਂ ਰਖਦਾ। **—ਦਸ਼ਵੈਕਾਲਿਕ**

# ਗਿਆਨ

(1) ਪਹਿਲਾਂ ਗਿਆਨ ਹੋਣਾ ਚਾਹੀਦਾ ਹੈ, ਆਚਰਨ ਜਾਂ ਦਿਆ ਪਿੱਛੋਂ ਆਉਂਦੀ ਹੈ। **—ਦਸ਼ਵੈਕਾਲਿਕ**

(2) ਜਿਵੇਂ ਧਾਗੇ ਵਿਚ ਪਿਰੋਈ ਸੂਈ ਗਿਰ ਜਾਨ ਤੇ ਵੀ ਗੁੰਮ ਨਹੀਂ ਹੁੰਦੀ ਉਸੇ ਪ੍ਰਕਾਰ ਗਿਆਨ ਰੂਪੀ ਧਾਗੇ ਵਾਲੀ ਆਤਮਾ ਸੰਸਾਰ ਵਿਚ ਨਹੀਂ ਭਟਕਦੀ।

**—ਉਤਰਾਧਿਐਨ**

(3) ਆਤਮ ਦਰਸ਼ਟਾ (ਅੰਦਰ ਝਾਤੀ ਮਾਰਨ ਵਾਲੇ) ਨੂੰ ਉਚੀ ਤੇ ਨੀਵੀਂ ਹਰ ਹਾਲਤ ਵਿਚ ਨਾ ਖੁਸ਼ ਹੋਣਾ ਚਾਹੀਦਾ ਹੈ, ਨਾ ਗੁਸੇ। **—ਅਚਾਰਾਂਗ**

(4) ਜੀਵ ਗਿਆਨ ਰਾਹੀਂ ਪਦਾਰਥਾਂ ਦੇ ਸਵਰੂਪ ਨੂੰ ਜਾਣਦਾ ਹੈ।

**—ਉਤਰਾਧਿਐਨ**

(5) ਗਿਆਨ ਭਰਪੂਰ ਜੀਵ ਹੀ ਸਾਰੇ ਵਸਤਾਂ ਦੇ ਸਵਰੂਪ ਨੂੰ ਜਾਣ ਸਕਦਾ ਹੈ ।

**—ਉਤਰਾਧਿਐਨ**

(6) ਗਿਆਨ ਤੋਂ ਬਿਨਾ ਚਾਰਿਤ੍ਰ (ਸੰਜਮ) ਨਹੀਂ ਹੁੰਦਾ । **—ਉਤਰਾਧਿਐਨ**

## ਸ਼ਰਧਾ

(1) ਧਰਮ ਤੱਤਵ ਪ੍ਰਤੀ ਸ਼ਰਧਾ ਹੋਣਾ ਬਹੁਤ ਹੀ ਦੁਰਲਭ ਹੈ ।— **ਉਤਰਾਧਿਐਨ**

(2) ਨਾ ਦੇਖਣ ਵਾਲੇ ! ਤੂੰ ਵੇਖਣ ਵਾਲੇ ਦੀ ਗੱਲ ਤੇ ਵਿਸ਼ਵਾਸ ਕਰ ।

**—ਸੂਤਰਕ੍ਰਿਤਾਂਗ**

(3) ਧਰਮ ਪ੍ਰਤੀ ਸ਼ਰਧਾ ਸਾਨੂੰ ਰਾਗ ਦਵੇਸ਼ ਤੋਂ ਮੁਕਤ ਕਰ ਸਕਦੀ ਹੈ ।

**—ਉਤਰਾਧਿਐਨ**

## ਤਪ

(1) ਆਤਮਾ ਨੂੰ ਸ਼ਰੀਰ ਤੋਂ ਅੱਡ ਜਾਣ ਕੇ ਭੋਗੀ ਸ਼ਰੀਰ ਨੂੰ ਤਪਸਿਆ ਵਿਚ ਲਗਾਉਣਾ ਚਾਹੀਦਾ ਹੈ । **—ਅਚਾਰਾਂਗ**

(2) ਤਪ ਰੂਪੀ ਤੀਰ ਕਮਾਨ ਰਾਹੀਂ ਕਰਮ ਰੂਪੀ ਚੋਰ ਦਾ ਖਾਤਮਾ ਕਰੋ ।

**—ਉਤਰਾਧਿਐਨ**

(3) ਕਰੋੜਾਂ ਜਨਮਾਂ ਦੇ ਇਕੱਠੇ ਕਰਮ ਤਪਸਿਆ ਰਾਹੀਂ ਨਸ਼ਟ ਹੋ ਜਾਂਦੇ ਹਨ ।

**—ਦਸ਼ਵੈਕਾਲਿਕ**

(4) ਇਛਾਵਾਂ ਨੂੰ ਰੋਕਨ ਦਾ ਨਾਂ ਤਪ ਹੈ । **—ਉਤਰਾਧਿਅਨ**

## ਭਾਵ

(1) ਭਾਵ ਸੱਚ (ਭਾਵ) ਰਾਹੀਂ ਆਤਮਾ (ਭਾਵ) ਸ਼ੁਧੀ ਨੂੰ ਪ੍ਰਾਪਤ ਹੁੰਦੀ ਹੈ ।

**— ਉਤਰਾਧਿਐਨ**

(2) ਭਾਵ ਵਿਸ਼ੁਧੀ ਹੋਣ ਨਾਲ ਜੀਵ, ਵਰਤਮਾਨ ਕਾਲ ਵਿਚ ਅਰਿਹੰਤਾਂ ਰਾਹੀਂ ਦੱਸੇ ਧਰਮ ਦੀ ਅਰਾਧਨਾ ਵਲ ਅਗੇ ਵਧਦਾ ਹੈ । **—ਉਤਰਾਧਿਐਨ**

## ਸਾਧਨਾ

(1) ਜਿਵੇਂ ਲੋਹੇ ਦੇ ਚਨੇ (ਛੋਲੇ) ਚਬਾਉਣਾ ਕਠਿਨ ਹੈ ਉਸੇ ਪ੍ਰਕਾਰ ਸੰਜਮ ਪਾਲਨਾ ਵੀ ਕਠਿਨ ਹੈ । **—ਸੂਤਰਕ੍ਰਿਤਾਂਗ**

(2) ਗਿਆਨੀ ਪੁਰਸ਼ ਧਿਆਨ ਯੋਗ ਨੂੰ ਅੰਗੀਕਾਰ ਕਰੇ । ਦੇਹ ਪ੍ਰਤੀ ਮੋਹ ਦੀ ਭਾਵਨਾ ਦਾ ਤਿਆਗ ਹਮੇਸ਼ਾ ਲਈ ਕਰ ਦੇਵੇ । **—ਸੂਤਰਕ੍ਰਿਤਾਂਗ**

# ਸਮਭਾਵ (ਇਕ ਸੁਰਤਾ)

(1) ਕਸ਼ਟ ਸਮੇਂ ਮਨ ਨੂੰ ਉਚਾ ਨੀਵਾਂ ਨਹੀਂ ਹੋਣ ਦੇਣਾ ਚਾਹੀਦਾ ।

(2) ਧਰਮੀ ਨੂੰ ਹਮੇਸ਼ਾ ਸਮਤਾ ਭਾਵ ਧਾਰਨ ਕਰਨਾ ਚਾਹੀਦਾ ਹੈ ।

(3) ਜੋ ਸਾਧਕ ਸੰਸਾਰ ਨੂੰ ਸ਼ਮਭਾਵ ਨਾਲ ਵੇਖਦਾ ਹੈ, ਉਹ ਨਾ ਤਾਂ ਕਿਸੇ ਦਾ ਚਾਹੁਣ ਵਾਲਾ ਹੁੰਦਾ ਹੈ ਨਾ ਹੀ ਕਿਸੇ ਵਲੋਂ ਨਫਰਤ ਯੋਗ ਹੁੰਦਾ ਹੈ । **—ਸੂਤਰਕ੍ਰਿਤਾਂਗ**

# ਸਮਿਅੱਕ ਦਰਸ਼ਨ (ਸਹੀ ਵੇਖਣਾ)

(1) ਸਮਿਅੱਕ ਦਰਸ਼ਨ ਤੋਂ ਬਿਨਾ ਗਿਆਨ ਨਹੀਂ ਹੁੰਦਾ । **—ਉਤਰਾਧਿਐਨ**

(2) ਸਮਿਅਕਤਵ ਤੋਂ ਬਿਨਾ ਚਾਰਿਤਰ ਆਦਿ ਗੁਣਾਂ ਦੀ ਪ੍ਰਾਪਤੀ ਨਹੀਂ ਹੁੰਦੀ ।
**—ਉਤਰਾਧਿਐਨ**

# ਵੀਤਰਾਗਤਾ

(1) ਜੋ ਮਨ ਨੂੰ ਚੰਗੇ ਅਤੇ ਮੰਦੇ ਲਗਣ ਵਾਲੇ ਰਸਾਂ ਵਿਚ ਇਕ ਸਮਾਨ ਰਹਿੰਦਾ ਹੈ ਉਹ ਹੀ ਵੀਤਰਾਗੀ ਹੈ । **—ਉਤਰਾਧਿਐਨ**

(2) ਜੋ ਸਾਧਕ ਕਾਮਨਾਵਾਂ ਤੇ ਜਿੱਤ ਹਾਸਲ ਕਰ ਚੁੱਕਾ ਹੈ ਉਹ ਹੀ ਮੁਕਤ ਪੁਰਸ਼ ਹੈ । **—ਅਚਾਰਾਂਗ**

(3) ਵੀਤਰਾਗੀ ਮਨੁੱਖ ਦੁਖ ਸੁਖ ਵਿਚ ਸਮ (ਇਕ) ਰਹਿੰਦਾ ਹੈ ।
**—ਸੂਤਰਕ੍ਰਿਤਾਂਗ**

(4) ਆਤਮਾ ਬਾਰੇ ਜਾਨਣ ਵਾਲੇ ਸਾਧੂ ਨੂੰ ਲਗਾਵ ਦੀ ਭਾਵਨਾ ਤੋਂ ਰਹਿਤ ਹੋ ਕੇ ਸਾਰੇ ਕਸ਼ਟਾਂ ਨੂੰ ਸਹਿਣਾ ਚਾਹੀਦਾ ਹੈ । **—ਸੂਤਰਕ੍ਰਿਤਾਂਗ**

# ਜੀਵ ਆਤਮਾ

(1) ਉਪਯੋਗ (ਸੋਚ) ਜੀਵ ਦਾ ਲੱਛਣ ਹੈ । **—ਉਤਰਾਧਿਐਨ**

(2) ਗਿਆਨ, ਦਰਸ਼ਨ, ਚਾਰਿਤਰ, ਤਪ, ਵੀਰਜ (ਆਤਮ ਸ਼ਕਤੀ) ਅਤੇ ਉਪਯੋਗ ਜੀਵ ਦੇ ਲੱਛਣ ਹਨ । **—ਉਤਰਾਧਿਐਨ**

(3) ਅ ਤਮਾ ਚੇਤਨਾ ਸਦਕਾ ਕਰਮ ਕਰਦੀ ਹੈ, ਚੇਤਨਾ ਰਹਿਤ ਕੋਈ ਕੰਮ ਨਹੀਂ ਕਰਦੀ । **ਭਗਵਤੀ ਸੂਤਰ**

(4) ਜੀਵ ਸ਼ਾਸ਼ਵਤ (ਹਮੇਸ਼ਾ ਰਹਿਣ ਵਾਲਾ) ਵੀ ਹੈ ਅਤੇ ਅਸ਼ਾਸ਼ਵਤ (ਖਤਮ ਹੋਣ ਵਾਲਾ) ਵੀ ਹੈ। ਦਰਵ ਦਰਿਸ਼ਟੀ (ਸ਼ਰੀਰ) ਪਖੋਂ ਜੀਵ ਸ਼ਾਸ਼ਵਤ ਹੈ ਅਤੇ ਭਾਵ ਦਰਿਸ਼ਟੀ (ਆਤਮਾ) ਪਖੋਂ ਅਸ਼ਾਸ਼ਵਤ ਹੈ।

(5) ਜੋ ਜੀਵ ਹੈ ਉਹ ਹੀ ਚੇਤਨਾ ਹੈ। ਜੋ ਚੇਤਨਾ ਹੈ ਉਹ ਹੀ ਜੀਵ ਹੈ।

—**ਭਗਵਤੀ ਸੂਤਰ**

(6) ਜੋ ਇਕ ਨੂੰ ਜਾਣਦਾ ਹੈ ਉਹ ਸਭ ਨੂੰ ਜਾਣਦਾ ਹੈ ਜੋ ਸਭ ਨੂੰ ਜਾਣਦਾ ਹੈ ਉਹ ਇਕ ਨੂੰ ਜਾਣਦਾ ਹੈ। —**ਅਚਾਰਾਂਗ**

(7) ਹੇ ਪੁਰਸ਼ ! ਤੂੰ ਆਪਣੇ ਆਪ ਤੇ ਕਾਬੂ ਕਰ (ਇਸ ਤਰ੍ਹਾਂ ਕਰਨ ਨਾਲ ਤੂੰ ਸਭ ਦੁਖਾਂ ਤੋਂ ਮੁਕਤ ਹੋ ਜਾਵੇਂਗਾ।

(8) ਆਤਮਾ ਦਾ ਹੀ ਦਮਨ ਕਰਨਾ ਚਾਹੀਦਾ ਹੈ। ਕਿਉਂਕਿ ਆਤਮਾ ਤੇ ਕਾਬੂ ਕਰਨਾ ਹੀ ਔਖਾ ਹੈ। ਆਤਮਾ ਦੇ ਦਮਨ ਕਰਨ ਵਾਲਾ ਲੋਕ ਅਤੇ ਪਰਲੋਕ ਦੋਹਾਂ ਵਿਚ ਸੁੱਖੀ ਹੁੰਦਾ ਹੈ।

(9) "ਦੂਸਰੇ ਲੋਕ ਬੰਧਨ (ਜੰਜੀਰ) ਅਤੇ ਬੱਧ (ਹਤਿਆ) ਰਾਹੀਂ ਮੇਰਾ ਦਮਨ ਕਰਨ ਚੰਗਾ ਹੈ ਮੈ ਸੰਜਮ ਅਤੇ ਤੱਪ ਰਾਹੀਂ ਆਤਮਾ ਤੇ ਕਾਬੂ ਕਰਾਂ ."

—**ਅਚਾਰਾਂਗ**

(10) ਜੋ ਆਤਮਾ ਹੈ ਉਹ ਹੀ ਵਿਗਿਆਨ ਹੈ। ਜੋ ਵਿਗਿਆਨ ਹੈ ਉਹ ਹੀ ਆਤਮਾ ਹੈ ਜਿਸ ਰਾਹੀਂ ਜਾਣੀਆਂ ਜਾਵੇ, ਉਹ ਆਤਮਾ ਹੈ ਜ ਨਣ ਤੀ ਸ਼ਕਤੀ ਤੋਂ ਹੀ ਆਤਮਾ ਦੀ ਪ੍ਰਤੀਤ ਹੁੰਦੀ ਹੈ। —**ਅਚਾਰਾਂਗ**

(11) ਜੋ ਕੋਈ ਮਨੁੱਖ ਭਾਰੀ ਜੰਗ ਵਿਚ 10 ਲੱਖ ਸੂਰਵੀਰਾ ਤੇ ਜਿਤ ਹਾਸਲ ਕਰਦਾ ਹੈ। ਉਸ ਸੂਰਵੀਰ ਪੱਖੋਂ ਆਤਮ ਜੇਤੂ ਮਹਾਨ ਹੈ। ਆਤਮਾ ਦੀ ਜਿਤ ਹੀ ਸੱਚੀ ਜਿੱਤ ਹੈ। —**ਉਤਰਾਧਿਐਨ**

(12) ਆਤਮਾ ਹੋਰ ਹੈ ਅਤੇ ਸ਼ਰੀਰ ਹੋਰ। —**ਸੂਤਰਕ੍ਰਿਤਾਂਗ**

(13) "ਸ਼ਬਦ, ਰੂਪ, ਗੰਧ ਆਦਿ ਕਾਮ ਭੋਗ (ਜੜ ਪਦਾਰਥ) ਹੋਰ ਹਨ ਮੈਂ ਹੋਰ ਹਾਂ। —**ਸੂਤਰਕ੍ਰਿਤਾਂਗ**

(14) "ਪੁਰਸ਼। ਤੂੰ ਖੁੱਦ ਆਪਣਾ ਦੋਸਤ ਹੈਂ। ਬਾਹਰਲੇ ਦੋਸਤ ਕਿਉਂ ਭਾਲਦਾ ਫਿਰਦਾ ਹੈਂ ? —**ਅਚਾਰਾਂਗ**

(15) ਸਵਰੂਪ ਪਖੋਂ ਸਭ ਆਤਮਾਵਾਂ ਇਕ ਸਮਾਨ ਹਨ। —**ਸਥਾਨਾਂਗ**

(16) ਆਤਮਾ ਦੇ ਵਰਨਣ ਸ਼ਮੇ ਸਾਰੇ ਸ਼ਬਦ ਆਪਣੇ ਆਪ ਖਤਮ ਹੋ ਜਾਂਦੇ ਹਨ। ਉਥੇ ਤੱਰਕ ਦੀ ਕੋਈ ਜਗ੍ਹਾ ਨਹੀਂ। ਬੁੱਧੀ ਵੀ ਇਸ ਨੂੰ ਠੀਕ ਤਰ੍ਹਾ ਗ੍ਰਹਿਣ ਨਹੀਂ ਕਰ ਸਕਦੀ। —**ਭਗਵਤੀ**

(17) ਆਤਮਾ ਹੀ ਦੁੱਖ ਪੈਦਾ ਕਰਦਾ ਹੈ, ਕੋਈ ਹੋਰ ਨਹੀਂ।

—ਭਗਤਵਤੀ

(18) ਹਮੇਸ਼ਾ ਆਤਮਾ ਨੂੰ ਪਾਪ ਕਰਮਾਂ ਤੋਂ ਬਚਾ ਕੇ ਰਖੋ। —ਦਸ਼ਵੈਕਾਲਿਕ

(19) ਆਪਣੀ ਆਤਮਾ ਹੀ ਨਰਕ ਦੀ ਵੈਤਰਣੀ ਨਦੀ ਹੈ ਅਤੇ ਕੂੜਸ਼ਾਮਲੀ ਬ੍ਰਿਖ ਹੈ. ਆਤਮਾ ਹੀ ਸਵਰਗ ਦਾ ਨੰਦਨ ਬਨ ਅਤੇ ਕਾਮ ਧੇਨੂ ਗਾਂ ਹੈ।

—ਉਤਰਾਧਿਐਨ

(20) ਮੱਨੁਖੋ ! ਜਾਗੋ ! ਜਾਗੋ ! ਕਿਉਂ ਨਹੀਂ ਜਾਗਦੇ। ਪਰਲੋਕ ਵਿਚੋਂ ਮੁੜ ਜਾਗਨਾ ਦੁਰਲਭ ਹੈ। ਬੀਤੀਆਂ ਹੋਈਆਂ ਰਾਤਾਂ ਵਾਪਸ ਨਹੀਂ ਆਉਂਦੀਆਂ। ਮਨੁੱਖ ਦਾ ਜੀਵਨ ਮਿਲਣਾ ਬਹੁਤ ਔਖਾ ਹੈ। —ਸੂਤਰਕ੍ਰਿਤਾਂਗ

(21) ਹਰ ਵਿਚਾਰਕ ਸੋਚੇ, ਮੈਂ ਕੀ ਕਰ ਲਿਆ ਹੈ, ਅਤੇ ਕੀ ਕਰਨਾ ਬਾਕੀ ਹੈ ? ਕੇਹੜਾ ਕੰਮ ਸ਼ਕ ਵਾਲਾ ਹੈ, ਜਿਸਨੂੰ ਮੈਂ ਨਹੀਂ ਕਰ ਸਕਦਾ। —ਦਸ਼ਵੈਕਾਲਿਕ

(22) ਆਤਮਾ ਹੀ ਆਪਣੇ ਸੁੱਖ ਦੁਖ ਦਾ ਕਰਤਾ ਅਤੇ ਭੋਗਣ ਵਾਲਾ ਹੈ। ਚੰਗੇ ਰਾਹ ਤੇ ਚਲਣ ਵਾਲੀ ਆਤਮਾ ਮਨੁੱਖ ਦੀ ਮਿੱਤਰ ਹੈ , ਅਤੇ ਬੁਰੇ ਰਾਹ ਤੇ ਚਲਣ ਵਾਲੀ ਦੁਸ਼ਮਨ ਹੈ। —ਉਤਰਾਧਿਐਨ

(23) ਪਹਿਲਾ ਗਿਆਨ ਹੈ। ਪਿਛੋਂ ਦਿਆ ਆਦਿ (ਆਚਰਣ) ਇਸ ਪ੍ਰਕਾਰ ਸਮੂਚਾ ਤਿਆਗੀ ਵਰਗ ਆਪਣੀ ਸੰਜਮ ਯਾਤਰਾ ਦੇ ਲਈ ਅੱਗੇ ਵੱਧਦਾ ਹੈ। ਭਲਾ ਅਗਿਆਨੀ ਮਨੁੱਖ ਕੀ ਆਤਮਾ ਸਾਧਨਾ ਕਰੇਗਾ ? —ਦਸ਼ਵੈਕਾਲਿਕ

(24) ਮਨੁੱਖੀ ਜੀਵਨ ਪਾ ਕੇ ਵਾਸਨਾਵਾਂ ਨਾਲ ਯੁਧ ਕਰੋ। ਬਾਹਰਲੇ ਯੁੱਧ ਨਾਲ ਕੀ ਲਾਭ ? ਜੋ ਅਜਿਹੇ ਮੌਕੇ ਤੇ ਰਹਿ ਜਾਂਦੇ ਹਨ ਉਨਾਂ ਨੂੰ ਆਤਮ ਰੂਪੀ ਜੀਵਨ ਯੁੱਧ ਮਿਲਣਾ ਬਹੁਤ ਕਠਿਨ ਹੈ।

(25) ਸਿਰ ਕਟਣ ਵਾਲਾ ਦੁਸ਼ਮਨ ਵੀ ਇਨ੍ਹਾਂ ਬੁਰਾ ਨਹੀਂ ਕਰਦਾ। ਜਿਨ੍ਹਾਂ ਭੈੜੇ ਵਿਵਹਾਰ ਵਿਚ ਲਗੀ ਆਤਮਾ ਕਰਦੀ ਹੈ। —ਉਤਰਾਧਿਐਨ

(26) ਗਿਆਨ, ਦਰਸ਼ਨ, ਅਤੇ ਚਾਰਿਤਰ ਨਾਲ ਭਰਪੂਰ ਮੇਰੀ ਆਤਮਾ ਹੀ ਸਾਸ਼ਵਤ ਹੈ। ਸੱਚ ਹੈ, ਸਨਾਤਨ (ਪੁਰਾਨੀ) ਹੈ। ਆਤਮਾ ਤੋਂ ਸਿਵਾ, ਦੂਸਰੇ ਸਭ ਪਦਾਰਥ ਸੰਜੋਗ ਨਾਲ ਮਿਲੇ ਹਨ —ਸਥਾਰਪਦਿਨ

●

# ਮੋਕਸ਼ (ਮੁਕਤੀ ਜਾਂ ਨਿਰਵਾਨ)

(1) ਗਿਆਨ ਅਤੇ ਕਰਮ ਰਾਹੀਂ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ।

**—ਸੂਤਰਕ੍ਰਿਤਾਂਗ**

(2) ਕੀਤੇ ਕਰਮਾਂ ਦਾ ਫੱਲ ਭੋਗੇ ਬਿਨਾਂ ਮੁਕਤੀ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। **—ਉਤਰਾਧਿਅਨ**

(3) ਜੀਵ ਗਿਆਨ ਰਾਹੀਂ ਪਦਾਰਥਾਂ ਨੂੰ ਜਾਨਦਾ ਹੈ। ਦਰਸਨ ਰਾਹੀਂ ਉਨ੍ਹਾਂ ਤੇ ਸ਼ਰਧਾ ਕਰਦਾ ਹੈ। ਚਾਰਿਤਰ ਰਾਹੀਂ ਆਸਰਵ ਦਾ (ਪਾਪਾਂ ਨੂੰ ਆਉਣ ਤੋਂ ਰੋਕਣ ਦੀ ਕ੍ਰਿਆ) ਰੋਕਦਾ ਹੈ। ਤਪ ਰਾਹੀ ਕਰਮਾਂ ਨੂੰ ਝਾੜਦਾ ਹੈ। **—ਉਤਰਾਧਿਅਨ**

(4) ਬੰਧਨ ਤੋਂ ਮੁੱਕਤ ਹੋਣਾ ਤੁਹਾਡੇ ਹੀ ਹੱਥ ਵਿਚ ਹੈ। **—ਅਚਾਰਾਂਗ**

(5) ਜੋ ਸਾਧਕ ਅੱਗ (ਕਾਮ ਭੋਗਾਂ) ਨੂੰ ਦੂਰ ਕਰਦਾ ਹੈ। ਉਹ ਛੇਤੀ ਮੁੱਕਤ ਹੋ ਜਾਂਦਾ ਹੈ। **—ਅਚਾਰਾਂਗ**

(6) ਨਵੇਂ ਪੈਦਾ ਹੋਣ ਵਾਲੇ ਕਰਮਾਂ ਦਾ ਰਾਹ ਰੋਕਣ ਵਾਲਾ ਜੀਵ, ਪਿਛਲੇ ਕੀਤੇ ਕਰਮਾਂ ਦਾ ਖਾਤਮਾ ਕਰ ਦਿੰਦਾ ਹੈ। **—ਅਚਾਰਾਂਗ**

(7) ਸਭ ਕੁਝ ਵੇਖਣ ਤੇ ਜਾਣਨ ਵਾਲੇ ਕੇਵਲ ਗਿਆਨੀਆਂ ਨੇ ਗਿਆਨ, ਦਰਸ਼ਨ (ਵਿਸ਼ਵਾਸ) ਚਾਰਿਤਰ (ਧਾਰਨ ਕਰਨਾਂ) ਅਤੇ ਤੱਪ ਨੂੰ ਮੁਕਤੀ ਦਾ ਰਾਹ ਦਸਿਆ ਹੈ।

(8) ਸ਼ਰਧਾ ਰਹਿਤ ਨੂੰ ਗਿਆਨ ਪ੍ਰਾਪਤ ਨਹੀਂ ਹੁੰਦਾ। ਅਗਿਆਨੀ ਕਿਸੇ ਨਿਯਮ ਦਾ ਪਾਲਣ ਨਹੀਂ ਕਰ ਸਕਦਾ। ਆਚਰਣ ਹੀਣ ਨੂੰ ਮੁਕਤੀ ਨਹੀਂ ਮਿਲ ਸਕਦੀ। ਜੀਵਨ ਮੁਕਤੀ ਬਿਨਾਂ, ਨਿਰਵਾਨ (ਜਨਮ-ਮਰਨ ਦਾ ਆਤਮਾ) ਨਹੀਂ ਹੋ ਸਕਦਾ।

**—ਉਤਰਾਧਿਐਨ**

(9) ਜਦ ਆਤਮਾ ਸਾਰੇ ਕਰਮਾਂ ਨੂੰ ਖਤਮ ਕਰਕੇ, ਹਮੇਸ਼ਾ ਲਈ ਮੈਲ ਰਹਿਤ ਹੋ ਕੇ ਮੁਕਤੀ ਪ੍ਰਾਪਤ ਕਰ ਲੈਂਦੀ ਹੈ ਤਾਂ ਲੋਕ ਦੇ ਅਖੀਰਲੇ ਹਿੱਸੇ ਸਿੱਧ ਸ਼ਿਲਾ ਤੇ ਸਦਾ ਲਈ ਸਥਾਪਿਤ ਹੋ ਕੇ ਸਿਧ ਅਖਵਾਉਂਦੀ ਹੈ।

# ਵਿਨੈ (ਨਿਮਰਤਾ, ਸੇਵਾ ਤੇ ਪ੍ਰਾਰਥਨਾ)

(1) ਆਤਮਾ ਦਾ ਭਲਾ ਚਾਹੁਣ ਵਾਲਾ ਆਪਣੇ ਆਪ ਨੂੰ ਵਿਨੈ ਧਰਮ ਵਿਚ ਸਥਾਪਿਤ ਕਰੇ। **—ਉਤਰਾਧਿਅਨ**

(2) ਬਜ਼ੁਰਗਾਂ ਨਾਲ ਹਮੇਸ਼ਾ ਨਿਮਰਤਾ ਪੂਰਵਕ ਵਿਵਹਾਰ ਕਰੋ।

**—ਦਸ਼ਵੈਕਾਲਿਕ**

(3) ਵਿਨੈ ਆਪਣੇ ਆਪ ਵਿਚ ਤਪ ਹੈ ਅਤੇ ਸ਼ਰੇਸ਼ਟ ਧਰਮ ਹੈ।

(4) ਵਿਨੈ ਰਾਹੀਂ ਹਮੇਸ਼ਾ ਚੰਗਾ ਚਾਰਿਤਰ (ਸਾਧੂ ਧਰਮ) ਮਿਲਦਾ ਹੈ ਇਸ ਲਈ ਵਿਨੈ ਦੀ ਖੋਜ ਕਰਨੀ ਚਾਹੀਦੀ ਹੈ। —ਉਤਰਾਧਿਐਨ

(5) ਧਰਮ ਦਾ ਮੂਲ ਵਿਨੈ ਹੈ। —ਗਿਆਤਾ

(6) ਸਿਖਿਆ ਦੇਣ ਵਾਲੇ ਅਧਿਆਪਕ ਤੇ ਗੁੱਸਾ ਨਹੀਂ ਕਰਨਾ ਚਾਹੀਦਾ।

—ਉਤਰਾਧਿਐਨ

# ਸੰਜਮ

(1) ਸਾਧਕ ਸੰਜਮ ਤੇ ਤਪ ਰਾਹੀਂ ਆਤਮਾ ਨੂੰ ਪਵਿਤਰ ਕਰਦਾ ਹੋਇਆ ਜ਼ਿੰਦਗੀ ਗੁਜ਼ਾਰੇ।

(2) ਅਸੰਜਮ ਤੋਂ ਛੁਟਕਾਰਾ ਤੇ ਸੰਜਮ ਵਿਚ ਜੁੜ ਜਾਣਾ ਚਾਹੀਦਾ ਹੈ।

—ਉਤਰਾ…

(3) ਜੇ ਕੋਈ ਮਨੁੱਖ ਹਰ ਮਹੀਨੇ 10-10 ਲੱਖ ਗਾਵਾਂ ਦਾ ਦਾਨ ਕਰੇ, ਉਸ ਦਾਨ ਪੱਖੋਂ ਸੰਜਮੀ ਦਾ ਸੰਜਮ ਹੀ ਸ਼ਰੇਸ਼ਟ ਹੈ। —ਉਤਰਾ…

# ਗੁਰੂ ਚੇਲਾ ਵਿਵਹਾਰ

(1) ਆਚਾਰੀਆ ਰਾਹੀਂ ਬੁਲਾਉਣ ਤੇ ਚੇਲਾ ਕਿਸੇ ਹਾਲਤ ਵਿਚ ਚੁਪ ਨਾ ਰਹੇ।

—ਉਤਰਾ…

(2) ਜੇਹੜਾ ਚੇਲਾ ਲੱਜਾ (ਸ਼ਰਮ) ਵਾਲਾ ਅਤੇ ਇੰਦਰੀਆਂ ਦਾ ਜੇਤੂ ਹੁੰਦਾ ਹੈ ਉਹ ਹੀ ਵਿਨੈ ਵਾਨ ਹੁੰਦਾ ਹੈ। —ਉਤਰਾ…

(3) ਦੁਸ਼ਟ ਘੋੜਾ ਜਿਵੇਂ ਵਾਰ ਵਾਰ ਚਾਬੁਕ ਦੀ ਇੱਛਾ ਰਖਦਾ ਹੈ ਪਰ ਵਿਨੈ ਵਾਨ ਚੇਲਾ ਵਾਰ ਵਾਰ ਗੁਰੂ ਤੋਂ ਨਾ ਅਖਵਾਏ।

(4) ਸਭ ਇੰਦਰੀਆਂ ਤੇ ਕਾਬੂ ਪਾਉਂਦਾ ਹੋਇਆ ਸੰਸਾਰ ਵਿਚ ਘੁੰਮੇ।

# ਵੈਰਾਗ

(1) ਮਨੁੱਖ ਦਾ ਜੀਵਨ ਅਤੇ ਰੰਗ ਰੂਪ ਅਸਮਾਨੀ ਬਿਜਲੀ ਦੀ ਚਮਕ ਵਾਂਗ ਚੰਚਲ (ਅਸਥਿਰ) ਹੈ। ਰਾਜਨ! ਹੈਰਾਨੀ ਹੈ ਤੁਸੀਂ ਫੇਰ ਵੀ ਇਨ੍ਹਾਂ ਭੋਗਾਂ ਵਿਚ ਮਸਤ ਹੋ। ਪਰਲੋਕ ਵਲ ਕਿਉਂ ਨਹੀਂ ਵੇਖਦੇ? —ਉਤਰਾ…

(2) ਜੋ ਮਨੁੱਖ ਦੂਸਰੇ ਦੀ ਬੇਇਜ਼ਤੀ ਕਰਦਾ ਹੈ ਉਹ ਲੰਬੇ ਸਮੇਂ ਸੰਸਾਰ ਦੇ ਜਨਮ ਮਰਨ ਦੇ ਚੱਕਰ ਵਿਚ ਘੁੰਮਦਾ ਰਹਿੰਦਾ ਹੈ। ਪਰਾਈ ਨਿੰਦਾ ਪਾਪ ਦਾ ਕਾਰਣ ਹੈ। ਇਹ ਸਮਝ ਕੇ ਸਾਧਕ ਹੰਕਾਰ ਦੀ ਭਾਵਨਾ ਪੈਦਾ ਨਾ ਕਰੇ। **—ਸੁਤਰਕ੍ਰਿਤਾਂਗ**

(3) ਤੁਸੀਂ ਜਿਸ ਤੋਂ ਸੁਖ ਦੀ ਆਸ ਰਖਦੇ ਹੋ, ਉਹ ਸੁਖ ਦਾ ਕਾਰਣ ਨਹੀਂ। ਮੋਹ ਵਿਚ ਫਸੇ ਲੋਕ ਇਸ ਗੱਲ ਨੂੰ ਨਹੀਂ ਸਮਝਦੇ। **—ਅਚਾਰਾਂਗ**

(4) ਪੀਲਾ ਪੱਤਾ ਜ਼ਮੀਨ ਤੇ ਗਿਰਦਾ ਹੋਇਆ, ਅਪਣੇ ਸਾਥੀ ਪਤਿਆਂ ਨੂੰ ਆਖਦਾ ਹੈ ਅਜ ਜਿਵੇਂ ਤੁਸੀਂ ਹੋ ਇਕ ਦਿਨ ਅਸੀਂ ਵੀ ਤੁਹਾਡੇ ਵਰਗੇ ਸੀ। ਜਿਸ ਤਰ੍ਹਾਂ ਅਸੀਂ ਅੱਜ ਹਾਂ ਤੁਸੀਂ ਵੀ ਇਸ ਤਰ੍ਹਾਂ ਹੋਣਾ ਹੈ। **—ਅਨੁਯੋਗਾਦਾਰ**

(5) ਸਾਧਕ ਨਾ ਜੀਵਨ ਦੀ ਇੱਛਾ ਕਰੇ ਨਾ ਹੀ ਮੌਤ ਦੀ। ਜੀਵਨ, ਮੌਤ ਦੋਹਾਂ ਵਿਚੋਂ ਕਿਸੇ ਦੀ ਇੱਛਾ ਨਾ ਕਰੇ। **—ਅਚਾਰਾਂਗ**

(6) ਬਹਾਦਰ ਵੀ ਮਰਦਾ ਹੈ ਬੁਜ਼ਦਿਲ ਵੀ ਮਰਦਾ ਹੈ। ਮਰਨਾ ਹਰ ਇਕ ਨੇ ਹੈ। ਜਦ ਮੌਤ ਨਿਸ਼ਚਿਤ ਹੈ ਤਾਂ ਬਹਾਦਰ ਵਾਲੀ ਹੀ ਮੌਤ ਚੰਗੀ ਹੈ। **—(ਮਰਨਾਸਮਾਧੀ)**

(7) ਸੱਚਾ ਸਾਧਕ ਲਾਭ, ਹਾਨੀ, ਸੁੱਖ ਦੁੱਖ, ਨਿੰਦਾ, ਪ੍ਰਸ਼ੰਸਾ ਵਿਚ ਬਹਾਦਰਾਂ ਦੀ ਤਰ੍ਹਾਂ ਜਿਉਂਦਾ ਹੈ। **—ਉਤਰਾ…**

(8) ਵਿਸ਼ੇ ਵਿਕਾਰਾਂ ਵਿਚ ਫਸੀਆ ਜੀਵ ਲੋਕ ਅਤੇ ਪ੍ਰਲੋਕ ਦੋਹਾਂ ਵਿਚ ਵਿਨਾਸ਼ ਨੂੰ ਪ੍ਰਾਪਤ ਕਰਦਾ ਹੈ। **—ਪ੍ਰਸ਼ਨ…**

(9) ਆਤਮਾ ਵਿਚ ਘੁਮਣ ਵਾਲੇ ਦੀ ਦਰਿਸ਼ਟੀ ਲਈ ਕਾਮਭੋਗ, ਰੋਗ ਸਮਾਨ ਹਨ। **ਸੂਤਰ…**

(10) ਤੁਸੀ ਜਿਨ੍ਹਾਂ ਵਸਤੂਆਂ ਨੂੰ ਸੁੱਖ ਦਾ ਕਾਰਣ ਸਮਝਦੇ ਹੋ, ਉਹ ਅਸਲ ਵਿਚ ਸੁਖ ਦਾ ਕਾਰਣ ਨਹੀਂ ਹਨ। **—ਅਚਾਰ…**

# ਸ਼੍ਰਮਣ (ਸਾਧੂ)

1. ਜੋ ਸਾਰੇ ਪ੍ਰਾਣੀਆਂ ਪ੍ਰਤੀ ਇਕ ਦਰਿਸ਼ਟੀ ਰਖਦਾ ਹੈ ਉਹ ਹੀ ਸੱਚਾ ਸ਼੍ਰਮਣ ਹੈ। **—ਪ੍ਰਸ਼ਨ…**

2. ਨਿਰਗ੍ਰੰਥ ਮੁਨੀ ਹੋਰ ਤਾ ਕਿ, ਸ਼ਰੀਰ ਪ੍ਰਤੀ ਵੀ ਮੋਹ ਨਹੀਂ ਰਖਦੇ। **—ਦਸ਼ਵੈਕਾਲਿਕ**

3. ਜੋ ਸ਼੍ਰਮਣ ਖਾ ਪੀ ਕੇ ਆਰਾਮ ਨਾਲ ਸੋ ਜਾਂਦਾ ਹੈ ਉਹ ਪਾਪੀ ਸ਼੍ਰਮਣ ਹੈ। **—ਉਤਰਾ…**

4. ਜੋ ਆਪਣੀ ਮਨ ਦੀ ਸਥਿਤੀ ਨੂੰ ਸਹੀ ਰੂਪ ਵਿਚ ਪਰਖਨਾ ਜਾਣਦਾ ਹੈ। ਉਹ ਸੱਚਾ ਨਿਰਗ੍ਰੰਥ (ਸਾਧੂ) ਹੈ।

5. ਜੋ ਗ੍ਰਹਿਸਥ ਨਾਲ ਮੇਲ ਮਿਲਾਪ ਨਹੀਂ ਵਧਾਉਂਦਾ, ਉਹ ਹੀ ਭਿਖਸ਼ੂ ਹੈ।

—**ਦਸ਼ਵੈ**··

6. ਜੋ ਸੁਖ ਦੁਖ ਵਿਚ ਇਕ ਸੁਰ ਰਹਿੰਦਾ ਹੈ ਉਹ ਭਿਖਸ਼ੂ ਹੈ। —**ਦਸ਼ਵੈ**···

7. ਰਿਸ਼ੀ ਮੁਨੀ ਸਦਾ ਪ੍ਰਸੰਨ ਰਹਿੰਦੇ ਹਨ। ਕਿਸੇ ਤੇ ਕੋਈ ਸ਼ੰਕਾ ਨਹੀਂ ਕਰਦੇ।

—**ਉਤਰਾ**···

8. ਜੋ ਸ਼ਾਂਤ ਹੈ ਅਤੇ ਕਰਤੱਵ ਨੂੰ ਚੰਗੀ ਤਰਾਂ ਜਾਣਦਾ ਹੈ ਉਹ ਹੀ ਸ਼੍ਰਮਣ ਭਿਖਸ਼ੂ ਹੈ।

9. ਸਮਭਾਵ (ਇਕ ਸੁਰਤਾ) ਦੀ ਸਾਧਨਾ ਕਰਨ ਵਾਲਾ ਹੀ ਸ਼੍ਰਮਣ ਹੈ।

—**ਉਤਰਾ**··

10. ਗਿਆਨ ਦੀ ਉਪਾਸਨਾ ਕਰਨ ਵਾਲਾ ਮੁਨੀ ਹੈ। —**ਉਤਰਾ**···

11. ਸੱਚਾ ਸੰਤ, ਪੂੱਜਾ, ਇੱਜਤ ਅਤੇ ਯੱਸ਼ ਦੀ ਇੱਛਾ ਨਾ ਕਰੇ। —**ਸੂਤਰ**···

12. ਸ਼੍ਰਮਣ ਕਸ਼ਾਏ (ਕਰੋਧ, ਮਾਨ, ਮਾਈਆ ਤੇ ਲੋਭ) ਤੋਂ ਰਹਿਤ ਰਹੇ।

—**ਉਤਰਾ**···

●

# ਜੀਵਨ ਕਲਾ

1, ਚੰਗੇ ਗ੍ਰਹਿਸਥੀ ਹਮੇਸ਼ਾ ਧਰਮ ਅਨੁਸਾਰ ਕਮਾਈ ਕਰਦੇ ਹਨ।

—**ਸੂਤਰਕ੍ਰਿਤਾਂਗ**

2. ਸਮਾਇਕ (ਧਾਰਮਿਕ ਕ੍ਰਿਆ) ਰਾਹੀਂ ਜੀਵ, ਪਾਪਕਾਰੀ ਕੰਮਾਂ ਤੋਂ ਛੁਟਕਾਰਾ ਪਾਉਂਦਾ ਹੈ। —**ਉਤਰਾ**···

3. ਸਵਾਧਿਆਏ (ਸ਼ਾਸਤਰਾਂ ਦੀ ਪੜਾਈ) ਕਰਨ ਨਾਲ ਸਾਰੇ ਦੁਖਾਂ ਤੋਂ ਮੁਕਤੀ ਹਾਸਲ ਹੁੰਦੀ ਹੈ। —**ਉਤਰਾ**···

4. ਜਿਵੇਂ ਪਾਣੀ ਵਿਚ ਪੈਦਾ ਹੋਇਆ ਕਮਲ ਪਾਣੀ ਤੋਂ ਉਪਰ ਰਹਿੰਦਾ ਹੈ ਉਸੇ ਪ੍ਰਕਾਰ ਉਪਾਸਕ ਵੀ ਕਾਮ ਭੋਗਾਂ ਵਿਚ ਨਹੀਂ ਫਸਦਾ। —**ਉਤਰਾ**···

5. ਸ਼ੀਲਵਾਨ ਅਤੇ ਬਹੁਸ੍ਰੁਤ (ਗਿਆਨੀ) ਭਿਖਸ਼ੂ ਮੌਤ ਦੇ ਸਮੇ ਵੀ ਦੁੱਖੀ ਨਹੀਂ ਹੁੰਦਾ ।

—ਉੱਤਰਾ···

6. ਕਸ਼ਾਏ ਅਗਨੀ ਹੈ, ਇਹ ਕਸ਼ਾਏ ਹਨ ਕਰੋਧ, ਮਾਨ ਮਾਈਆ ਅਤੇ ਲੋਭ । ਸ਼ਰਤ (ਗਿਆਨ) ਸ਼ੀਲ ਅਤੇ ਤਪ ਇਸ ਅੱਗ ਨੂੰ ਬੁਝਾਂਦੇ ਹਨ । —ਉਤਰ···

7. ਕਰੋਧ, ਮਾਨ, ਮਾਈਆਂ ਤੇ ਲੋਭ ਅੰਤਰ ਆਤਮਾ ਦੇ ਖਤਰਨਾਕ ਦੋਸ਼ ਹਨ ।

—ਸੂਤਰ···

8. ਕਸ਼ਾਏ ਨੂੰ ਛੱਡਣ ਨਾਲ ਵੀਤਰਾਗ ਭਾਵ ਪੈਦਾ ਹੁੰਦਾ ਹੈ । —ਉਤਰਾ···

## ਕਰੋਧ ਖਿਮਾ

1. ਕਰੋਧ ਪਿਆਰ ਦਾ ਨਾਸ਼ ਕਰਦਾ ਹੈ । —ਦਸ਼ਵੈਕਾਲਿਕ

2. ਸ਼ਾਂਤੀ ਨਾਲ ਕਰੋਧ ਨੂੰ ਜਿਤੋ । —ਦਸ਼ਵੈਕਾਲਿਕ

3. ਮੈਂ ਸਾਰੇ ਜੀਵਾਂ ਤੋਂ ਖਿਮਾ ਮੰਗਦਾ ਹਾਂ । ਸਾਰੇ ਜੀਵ ਮੈਨੂੰ ਮੁਆਫ ਕਰਨ । ਮੇਰੀ ਸਾਰੇ ਜੀਵਾਂ ਨਾਲ ਦੋਸਤੀ ਹੈ । ਮੇਰਾ ਕਿਸੇ ਨਾਲ ਕੋਈ ਵੀ ਵੈਰੀ ਨਹੀ ।

— ਦਸ਼ਵੈ···

4. ਮੁਨੀ ਨੂੰ ਧਰਤੀ ਦੇ ਸਮਾਨ ਖਿਮਾ ਵਾਲਾ ਹੋਣਾ ਚਾਹਿਦਾ ਹੈ ।

5. ਖਿਮਾ ਮੰਗਣ ਨਾਲ ਆਤਮਾ ਨੂੰ ਆਂਤਰਿਕ ਖੁਸ਼ੀ ਪ੍ਰਾਪਤ ਹੁੰਦੀ ਹੈ ।

—ਉਤਰਾਧਿਐਨ

6. ਗਿਆਨੀਆਂ ਨੂੰ ਖਿਮਾ ਧਰਮ ਦੀ ਅਰਾਧਨਾ ਕਰਨੀ ਚਾਹੀਦੀ ਹੈ ।

## ਮਾਨ

1. ਅਹੰਕਾਰ ਅਗਿਆਨਤਾ ਦੀ ਨਿਸ਼ਾਨੀ ਹੈ । —ਸੂਤਰ···

2. ਮਾਨ ਨੂੰ ਜਿਤਣ ਨਾਲ ਜੀਵ ਵਿਚ ਨਿਮਰਤਾ ਆਉਂਦੀ ਹੈ ।

—ਉਤਰਾਧਿਐਨ

3. ਜੋ ਹੰਕਾਰ ਵੱਸ ਦੂਸਰੇ ਪ੍ਰਤਿ ਲਾਹਪਰਰਵਾਹ ਰਹਿੰਦਾ ਹੈ ਉਹ ਮੰਦ ਭਾਗੀ ਹੈ ।

—ਸੂਤਰ···

4. ਹੰਕਾਰੀ ਦੂਸਰੇ ਨੂੰ ਹੰਕਾਰ ਵੱਸ, ਆਪਣਾ ਪਰਛਾਵਾਂ ਸਮਝ ਕੇ ਨੀਵਾਂ ਗਿਣਦਾ

—ਸੂਤਰ···

# ਮਾਇਆ (ਧੋਖੇਵਾਜੀ)

1. ਮਾਯਾ (ਧੋਖੇਬਾਜ) ਅਤੇ ਪ੍ਰਮਾਦੀ (ਅਣਗਹਿਲੀ) ਵਾਲਾ ਜੀਵ ਵਾਰ-ਵਾਰ ਗਰਭ ਧਾਰਨ ਕਰਦਾ ਹੈ।

2. ਮਾਯਾ ਵਾਲਾ ਜੀਵ ਮਿਥਿਆ ਦਰਿਸ਼ਟੀ (ਗ਼ਲਤ ਧਾਰਣਾਂ) ਵਾਲਾ ਹੁੰਦਾ ਹੈ। ਮਾਈਆ ਰਹਿਤ ਜੀਵ ਸਮਿਅਕ ਦਰਿਸ਼ਟੀ (ਸਹੀ ਧਾਰਨਾ) ਵਾਲਾ ਹੁੰਦਾ ਹੈ।

—ਦਸਵੈਕਾਲਿਕ

3. ਮਾਯਾ (ਧੋਖਾ) ਦੋਸਤੀ ਦਾ ਖਾਤਮਾ ਕਰਦੀ ਹੈ। ਦਸ਼ਵੈਕਾ···

# ਲੋਭ

1. ਲੋਭ ਸਾਰੇ ਚੰਗੇ ਗੁਣਾਂ ਦਾ ਖਾਤਮਾ ਕਰਦਾ ਹ। —ਦਸਵੈ···

2. ਲੋਭ ਮੁਕਤੀ ਦੇ ਰਾਹ ਵਿਚ ਰੁਕਾਵਟ ਹੈ। —ਸਭਾ···

3. ਲੋਭ ਪੈਦਾ ਹੋਣ ਤੇ ਮਨੁੱਖ ਸੱਚ ਨੂੰ ਝੁਠਲਾ ਕੇ ਝੂਠ ਦਾ ਸਹਾਰਾਂ ਲੇਂਦਾ ਹੈ।

—ਸੂਤਰ···

4. ਆਜਾਦ ਘੁਮਣ ਵਾਲਾ ਸ਼ੇਰ ਵੀ ਮਾਂਸ ਦੇ ਲਾਲਚ ਵਿਚ ਆਕੇ ਜਾਲ ਵਿਚ ਫਸ ਜਾਂਦਾ ਹੈ। —ਸਤਰ···

5. ਲੋਭ ਨੂੰ ਸੰਤੋਖ ਨਾਲ ਜਿਤਣਾ ਚਾਹਿਦਾ ਹੈ। —ਦਸਵੈ··

# ਮੋਹ

1. ਜੋ ਮੋਹ ਦਾ ਨਾਸ਼ ਕਰਦਾ ਹੈ ਉਹ ਕਰਮ ਬੰਧਨ ਦੇ ਹੋਰ ਕਾਰਣਾ ਦਾ ਖਾਤਮਾ ਕਰਦਾ ਹੈ। —ਅਚਾਰਾਂਗ ਸੂਤਰ

2. ਅਗਿਆਨੀ ਜੀਵ, ਮੋਹ ਨਾਲ ਘਿਰੀਆ ਰਹਿੰਦਾ ਹੈ। ਅਚਾ···

3. ਰਾਗ ਤੇ ਦਵੇਸ਼ ਦੋਹੇ ਕਰਮਾਂ ਦੇ ਬੀਜ ਹਨ। —ਉਤਰਾ···

4. ਅਗਿਆਨੀ ਜੀਵ ਰਾਗ, ਦਵੇਸ਼ ਵਸ, ਭਿੰਨ-ਭਿੰਨ ਪ੍ਰਕਾਰ ਦੇ ਪਾਪ ਕਰਮ ਕਰਦਾ ਹੈ। —ਸੂਤਰਕ੍ਰਿਤਾਂਗ

5. ਪਾਪ ਨਾਂ ਕਰਨ ਵਾਲਾ, ਨਵਾਂ ਪਾਪ ਕਰਮ ਪੈਦਾ ਨਹੀਂ ਕਰਦਾ।

—ਸੂਤਰਕ੍ਰਿਤਾਂਗ

# ਕਰਮ

1. ਚੰਗੇ ਕਰਮ ਦਾ ਫੱਲ ਚੰਗਾ ਹੁੰਦਾ ਹੈ। ਮੰਦੇ ਕਰਮ ਦਾ ਫਲ ਮੰਦਾ।

—ਸੂਤਰਕ੍ਰਤਾਂਗ

2. ਜਿਵੇਂ ਬੀਜ਼ ਦੇ ਜਲ ਜਾਣ ਨਾਲ ਨਵਾਂ ਬੀਜ ਪੈਦਾ ਨਹੀਂ ਹੋ ਸਕਦਾ ਉਸੇ ਪ੍ਰਕਾਰ ਕਰਮ ਰੂਪੀ ਬੀਜ ਦੇ ਜਲ ਜਾਣ ਤੇ ਜਨਮ ਮਰਣ ਰੂਪੀ ਬੀਜ ਉਤਪਨ ਨਹੀਂ ਹੁੰਦਾ।

—ਦਸ਼ਵੈਕਾਲਿਕ

3. ਮਨੁੱਖ ਆਪਣੇ ਕੀਤੇ ਕਰਮਾਂ ਕਾਰਣ ਭਿੰਨ-ਭਿੰਨ ਯੋਨੀਆਂ ਵਿਚ ਭਟਕ ਰਿਹਾ ਹੈ।

—ਅਚਾਰਾਂਗ ਸੂਤਰ

4. ਸੰਸਾਰ ਵਿਚ ਜੋ ਵੀ ਪ੍ਰਾਣੀ ਹਨ ਉਹ ਆਪਣੇ ਕੀਤੇ ਕਰਮ ਬੰਧ ਅਨੁਸਾਰ ਸੰਸਾਰ ਵਿਚ ਘੁਮਦੇ ਹਨ। ਕੀਤੇ ਕਰਮਾਂ ਅਨੁਸਾਰ ਜੀਵ ਭਿੰਨ-ਭਿੰਨ ਯੋਨੀਆਂ ਵਿਚ ਘੁਮਦੇ ਹਨ। ਕਰਮਾਂ ਦਾ ਫੱਲ ਭੋਗੇ ਬਿਨਾਂ ਪ੍ਰਾਣੀ ਦਾ ਛੁਟਕਾਰਾ ਨਹੀਂ ਹੋ ਸਕਦਾ।

—ਸੂਤਰਕ੍ਰਿਤਾਂਗ

5. ਸਭ ਪ੍ਰਾਣੀ ਅਨੇਕਾਂ ਕੀਤੇ ਕਰਮਾਂ ਅਨੂਸਾਰ ਭਿੰਨ-ਭਿੰਨ ਯੋਨੀਆਂ ਵਿਚ ਰਹਿ ਰਹੇ ਹਨ। ਕਰਮਾਂ ਦੀ ਅਧੀਨਤਾ ਦੇ ਕਾਰਣ ਮਨੁੱਖ ਦੁੱਖ ਜਨਮ, ਬੁਢਾਪੇ, ਬੀਮਾਰੀ ਅਤੇ ਮੌਤ ਤੋਂ ਡਰਦੇ ਹਨ। ਕਰਮਾਂ ਕਾਰਣ ਮਨੁੱਖ ਚਾਰ ਗਤਿ (ਮਨੁੱਖ, ਦੇਵ, ਪਸ਼ੂ ਤੇ ਨਰਕ) ਵਿਚ ਘੁਮ ਰਹੇ ਹਨ।

—ਸੂਤਰ···

6. ਜਿਵੇਂ ਪਾਪੀ ਚੋਰ ਚੋਰੀ ਕਰਦੇ ਪਕੜੇ ਜਾਣ ਤੇ ਸਜ਼ਾ ਪਾਂਦਾ ਹੈ ਅਤੇ ਕੀਤੇ ਕਰਮ ਅਨੁਸਾਰ ਦੁਖ ਭੋਗਦਾ ਹੈ ਉਸ ਪ੍ਰਕਾਰ ਕੀਤੇ ਕਰਮਾਂ ਦਾ ਫੱਲ ਇਸ ਲੋਕ ਜਾਂ ਪ੍ਰਲੋਕ ਵਿਚ ਜੀਵ ਨੂੰ ਜਰੂਰ ਭੋਗਣਾ ਪੈਂਦਾ ਹੈ। ਕਰਮਾਂ ਦਾ ਫੱਲ ਭੋਗੇ ਬਿਨਾਂ ਛੁਟਕਾਰਾ ਨਹੀਂ

—ਉਤਰਾਧਿਐਨ

7. ਕਰਮ, ਜ਼ਨਮ ਤੇ ਮਰਨ ਦਾ ਮੂਲ ਹੈ, ਅਤੇ ਜਨਮ ਮਰਨ ਹੀ ਦੁੱਖ ਦੀ ਪ੍ਰੰਪਰਾ ਹੈ।

—ਉਤਰਾਧਿਐਨ

8. ਜਿਸ ਤਰ੍ਹਾਂ ਜੜਾਂ ਦੇ ਸੁਕ ਜਾਣ ਤੇ, ਸਿੰਜਨ ਨਾਲ ਵੀ ਦਰਖੱਤ ਹਰਾ ਭਰਾ ਨਹੀਂ ਹੋ ਸ਼ਕਦਾ, ਉਸੇ ਪ੍ਰਕਾਰ ਮੋਹ ਕਰਮ ਦੇ ਖਾਤਮੇ ਤੋਂ ਬਾਅਦ ਨਵਾਂ ਕਰਮ ਪੈਦਾ ਨਹੀਂ ਹੁੰਦਾ।

—ਦਸਵੈ···

9. ਜਿਵੇ ਰਾਗ ਦਵੇਸ ਰਾਹੀਂ ਪੈਦਾ ਹੋਏ ਕਰਮਾਂ ਦਾ ਫੱਲ ਬੁਰਾ ਹੁੰਦਾ ਹੈ ਉਸੇ ਪ੍ਰਕਾਰ ਦੀ ਸਭ ਕਰਮਾਂ ਦੇ ਖਾਤਮੇ ਨੂੰ ਜੀਵ ਸਿਧ (ਮੁਕਤ) ਹੋ ਕੇ, ਸਿਧ ਗਤੀ ਨੂੰ ਪ੍ਰਾਪਤ ਕਰਦਾ ਹੈ।

10. ਆਤਮਾ ਅਮੂਰਤ (ਸ਼ਕਲ ਰਹਿਤ) ਹੈ ਇਸ ਲਈ ਇਸਨੂੰ ਇੰਦਰੀਆਂ ਰਾਹੀ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਅਮੂਰਤ ਹੋਣ ਕਾਰਣ ਨਿੱਤ (ਹਮੇਸ਼ਾ) ਰਹਿਣ ਵਾਲਾ ਹੈ। ਅਗਿਆਨ ਆਦਿ ਕਾਰਣ ਆਤਮਾ ਦੇ ਕਰਮ ਬੰਧਨ ਹਨ। ਅਤੇ ਕਰਮ ਬੰਧਨ ਹੀ ਸੰਸਾਰ ਦਾ ਕਾਰਣ ਹੈ। —ਉਤਰਾਧਿਐਨ

# ਗਿਆਨ ਬੋਧ (ਕੰਮ ਦੀਆਂ ਗੱਲਾਂ)

1. ਭਿੰਨ ਭਿੰਨ ਭਾਸ਼ਾਵਾਂ ਦਾ ਗਿਆਨ ਮਨੁੱਖ ਨੂੰ ਦੁਰਗਤਿ ਤੋਂ ਨਹੀਂ ਬੱਚਾ ਸਕਦਾ —ਉਤਰਾ...

2. ਜਿਵੇਂ ਸੜੇ ਕਨੇ ਵਾਲੀ ਕੁੱਤੀ ਹਰ ਥਾਂ ਤੋਂ ਦੁਤਕਾਰ ਕੇ ਕਢ ਦਿਤੀ ਜਾਂਦੀ ਹੈ ਉਸ ਪ੍ਰਕਾਰ ਚਰਿਤਰ ਹੀਣ ਆਖਾ ਨਾ ਮੰਨਣ ਵਾਲਾ ਅਤੇ ਬਹੁਤੀਆਂ ਗੱਲਾਂ ਕਰਨ ਵਾਲਾ ਹਰ ਥਾਂ ਤੋਂ ਕਢ ਦਿਤਾ ਜਾਂਦਾ ਹੈ। —ਉਤਰਾ...

3. ਵਰਤ ਦਾ ਧਾਰਕ ਘਟ ਖਾਵੇ, ਘਟ ਪੀਵੇ, ਘੱਟ ਬੋਲੇ।

4. ਆਤਮਾ ਦਾ ਭਲਾ ਚਾਹੁਣ ਵਾਲਾ ਥੋੜਾ ਜਿਹਾ ਵੀ ਝੂਠ ਨਾ ਬੋਲੇ। —ਦਸ਼ਵੈਕਾਲਿਕ

5. ਅਹੰਕਾਰ, ਕਰੋਧ, ਪ੍ਰਮਾਦ (ਅਣਗਹਿਲੀ) ਰੋਗ ਅਤੇ ਆਲਸ, ਪੰਜ ਕਾਰਣ ਮਨੁੱਖ ਸਿਖਿਆ ਹਾਸਲ ਨਹੀਂ ਕਰ ਸਕਦਾ।

6. ਧਰਮ ਸਿਖਿਆ ਵਾਲਾ ਘਰ ਵਿਚ ਵੀ ਸੁਵਰਤੀ ਹੈ। —ਉਤਰਾਂ...

7. ਜੋ ਚੰਗਾ ਕਰਦਾ ਹੈ, ਮਿਠਾ ਬੋਲਦਾ ਹੈ, ਉਹ ਆਪਣੀ ਸਿਖਿਆ ਪ੍ਰਾਪਤ ਕਰ ਲੈਂਦਾ ਹੈ। ਉਤਰਾ...

8. ਜਿਥੇ ਕਲੇਸ਼ ਦੀ ਸੰਭਾਵਨਾ ਹੋਵੇ, ਉਥੋਂ ਦੂਰ ਰਹੋ।

9. ਜੋ ਮਨੁਖ ਯਤਨਾ (ਸਾਵਧਾਨੀ) ਨਾਲ ਚਲਦਾ ਹੈ, ਪੜਦਾ ਹੈ, ਬੈਠਦਾ ਹੈ, ਸੌਂਦਾ ਹੈ, ਖਾਂਦਾ ਹੈ, ਬੋਲਦਾ ਹੈ ਅਜਿਹਾ ਮਨੁੱਖ ਪਾਪ ਕਰਮਾਂ ਦਾ ਬੰਧ (ਇਕੱਠ) ਨਹੀਂ ਕਰਦਾ।

10. ਭਗਵਾਨ ਦੀ ਆਗਿਆ ਪਾਲਣ ਕਰਨ ਵਾਲਾ ਹੀ ਸ਼ਰਧਾਵਾਨ ਅਤੇ ਬੁਧੀਮਾਨ ਹੈ। **—ਅਚਾਰਾਂਗ**

11. ਆਤਮ ਕਲਿਆਣ ਚਾਹੁਣ ਵਾਲੇ ਲਈ ਸ਼ਰਮ, ਦਿਆ, ਸੰਜਮ ਅਤੇ ਬ੍ਰਹਮ-ਚਰਯ ਹੀ ਆਤਮ ਸ਼ੁਧੀ ਦੇ ਸਾਧਨ ਹਨ।

12. ਕਿਸੇ ਦੀ ਗੁਪਤ ਗੱਲ ਪ੍ਰਗਟ ਨਹੀਂ ਕਰਨੀ ਚਾਹੀਦੀ। —ਸੂਤਰ…

13. ਮਨੁੱਖ ਜਨਮ ਮਿਲਨਾ ਬਹੁਤ ਹੀ ਦੁਰਲਭ ਹੈ। —ਉਤਰਾ…

14. ਜੋ ਵਿਚਾਰ ਨਾਲ ਬੋਲਦਾ ਹੈ ਉਹ ਹੀ ਸੱਚਾ ਨਿਰਗ੍ਰੰਥ ਹੈ। —ਅਚਾਰਾਂਗ

15. ਸਮਝਦਾਰ ਜ਼ਰੂਰਤ ਤੋਂ ਵੱਧ ਨਾ ਬੋਲੇ। —ਸੂਤਰ…

16. ਗਿਆਨੀ ਸਾਧੂ ਅਜੇਹੀ ਭਾਸ਼ਾ ਬੋਲੋ ਜੋ ਸਭ ਲਈ ਹਿਤਕਾਰੀ ਅਤੇ ਕਲਿਆਣਕਾਰੀ ਹੋਵੇ। —ਦਸ਼ਵੈਕਾਲਿਕ

17. ਕਲੇਸ਼ ਵਧਾਉਣ ਵਾਲੀ ਗੱਲ ਨਹੀਂ ਆਖਣੀ ਚਾਹੀਦੀ। —ਉਤਰਾ…

18. ਬਹੁਤ ਨਹੀਂ ਬੋਲਣਾ ਚਾਹੀਦਾ। —ਉਤਰਾ…

19. ਕਠੋਰ ਵਾਕ ਨਹੀਂ ਬੋਲਣਾ ਚਾਹੀਦਾ। —ਉਤਰਾ…

20. ਬਿਨਾ ਬੁਲਾਏ ਨਹੀਂ ਬੋਲਣਾ ਚਾਹੀਦਾ। —ਦਸ਼ਵੈ…

21. ਕਿਸੇ ਦੀ ਪਿਠ ਪਿਛੇ ਚੁਗਲੀ ਕਰਨਾ, ਪਿਠ, ਦੇ ਮਾਂਸ ਖਾਣ ਦੀ ਤਰ੍ਹਾਂ ਹੀ ਹੈ। —ਉਤਰਾਧਿਐਨ

22. ਰਾਤਰੀ ਭੋਜਨ ਦੇ ਤਿਆਗ ਨਾਲ, ਜੀਵ ਪਾਪ ਰਹਿਤ ਹੁੰਦਾ ਹੈ। —ਉਤਰਾ…

23. ਨਿਰਗ੍ਰੰਥ ਮੁਨੀ ਰਾਤ ਵੇਲੇ ਕਿਸੇ ਵੀ ਪ੍ਰਕਾਰ ਦਾ ਭੋਜਨ ਨਹੀਂ ਕਰਦੇ। —ਦਸ਼ਵੈਕਾਲਿਕ

24. ਜੋ ਭੋਗੀ ਹੈ ਉਹ ਕਰਮਾਂ ਵਿਚ ਲਿਬੜਿਆ ਹੁੰਦਾ ਹੈ। ਅਭੋਗੀ ਕਰਮਾਂ ਵਿਚ ਨਹੀਂ ਫਸਦਾ।

25. ਕਾਮ ਭੋਗ ਥੋੜਾ ਸਮਾਂ ਹੀ ਸੁਖ ਦਿੰਦੇ ਹਨ, ਪਰ ਬਦਲੇ ਵਿਚ ਲੰਬਾ ਸਮਾਂ ਦੁਖ ਦਿੰਦੇ ਹਨ। —ਉਤਰਾ…

26. ਕਾਮ ਭੋਗ ਅਨਰਥਾਂ ਦੀ ਖਾਣ ਹਨ। —ਉਤਰਾ…

27. ਇਕ ਵਿਸ਼ੇ ਵਿਕਾਰ ਨੂੰ ਜਿਤਣ ਨਾਲ ਕੁਝ ਜਿੱਤ ਲਿਆ ਜਾਂਦਾ ਹੈ।

28. ਸਾਰੇ ਕਾਮ ਭੋਗ ਅੰਤ ਨੂੰ ਦੁਖ ਦਿੰਦੇ ਹਨ। —ਉਤਰਾ…

29. ਕਾਮ ਭੋਗ ਕੰਡੇ ਦੇ ਸਮਾਨ ਹਨ, ਜ਼ਹਿਰ ਹਨ, ਜ਼ਹਿਰੀਲਾ ਸੱਪ ਹਨ। —ਉਤਰਾ…

30. ਆਤਮਾ ਦੀ ਸਾਧਨਾ ਕਰਨ ਵਾਲਾ ਕਾਮ ਭੋਗਾਂ ਨੂੰ ਜ਼ਹਿਰ ਦੀ ਤਰ੍ਹਾਂ ਵੇਖੇ। —ਸੂਤਰ…

31. ਜੋ ਆਤਮਾ ਪਾਪ ਕਰਮਾਂ ਦਾ ਸੰਗ੍ਰਹਿ ਕਰਦਾ ਹੈ ਉਸ ਨੂੰ ਪਛਤਾਨਾ ਪੈਂਦਾ ਹੈ, ਰੋਣਾ ਪੈਂਦਾ ਹੈ, ਦੁਖ ਭੋਗਣਾ ਪੈਂਦਾ ਹੈ ਅਤੇ ਡਰਨਾ ਪੈਂਦਾ ਹੈ। —ਸੂਤਰ…

32. ਭੋਗੀ ਸੰਸਾਰ ਵਿਚ ਘੁੰਮਦਾ ਹੈ, ਭੋਗ ਰਹਿਤ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ।

**—ਉਤਰਾਧਿਐਨ**

33. ਪੁਛਣ ਤੇ ਕੀਤੇ ਕੰਮ ਨੂੰ ਕੀਤਾ ਆਖੇ, ਜੋ ਨਾ ਕੀਤਾ ਹੋਵੇ ਉਸ ਲਈ ਨਾ ਆਖੇ।

34. ਸਾਧਕ ਆਪਣੀ ਆਤਮਾ ਨੂੰ ਪਾਪ ਕਰਮਾਂ ਤੋਂ ਹਟਾਵੇ। **—ਸੂਤਰ···**

35. ਅਗਿਆਨੀ ਹਮੇਸ਼ਾ ਸੁਤਾ ਰਹਿੰਦਾ ਹੈ ਪਰ ਗਿਆਨੀ ਪੁਰਸ਼ ਹਮੇਸ਼ਾ ਜਾਗਦਾ ਹੈ। **—ਉਤਰਾ···**

36. ਇੰਝ ਸਮਝੋ ਕਿ ਅਗਿਆਨ ਤੇ ਮੋਹ ਹੀ ਸੰਸਾਰ ਵਿਚ ਅਹਿਤ ਅਤੇ ਦੁੱਖ ਪੈਦਾ ਕਰਨ ਵਾਲੇ ਹਨ। **—ਅਚਾਰਾਂਗ**

37. ਅਗਿਆਨੀ ਜੀਵ ਰਾਗ ਦਵੇਸ਼ ਵਸ ਬਹੁਤ ਪਾਪ ਕਰਮਾਂ ਦਾ ਸੰਗ੍ਰਹਿ ਕਰਦਾ ਹੈ। **—ਸੂਤਰ···**

38. ਗਿਆਨੀ ਸਾਧਕ ਨੂੰ ਆਪਣੀ ਸਾਧਨਾ ਵਿਚ ਥੋੜੀ ਜਿਹੀ ਵੀ ਅਣਗਹਿਲੀ ਵਰਤਨੀ ਨਹੀਂ ਚਾਹੀਦੀ। **—ਅਚਾਰਾਂਗ**

39. ਅਣਗਹਿਲੀ ਰਹਿਤ (ਅਪ੍ਰਮਾਦੀ) ਛੇਤੀ ਮੁਕਤੀ ਹਾਸਲ ਕਰ ਲੈਂਦਾ ਹੈ।

**—ਉਤਰਾ···**

40. ਅਣਗਹਿਲੀ (ਪ੍ਰਮਾਦੀ) ਆਤਮਾ ਨੂੰ ਹਰ ਥਾਂ ਤੋਂ ਡਰ ਲਗਦਾ ਹੈ। ਪਰ ਅਪ੍ਰਮਾਦੀ (ਅਣਗਹਿਲੀ ਰਹਿਤ) ਨੂੰ ਡਰ ਨਹੀਂ ਲਗਦਾ। **—ਅਚਾਰਾਂਗ**

41. ਸਿਆਣਾ ਮਨੁੱਖ ਉਹ ਹੀ ਹੈ ਜੋ ਅਣਗਹਿਲੀ (ਪ੍ਰਮਾਦ) ਨਹੀਂ ਕਰਦਾ।

**—ਸੂਤਰ ··**

42. ਇਛਾਵਾਂ ਦੀ ਤਹਿ ਤਕ ਪਹੁੰਚਣਾ ਬਹੁਤ ਔਖਾ ਹੈ।

43. ਇਸ ਲੋਕ ਵਿਚ ਜੋ ਤ੍ਰਿਸ਼ਨਾ ਰਹਿਤ ਹੈ ਉਸ ਲਈ ਕੁਝ ਵੀ ਔਖਾ ਨਹੀਂ।

—ਉਤਰਾਧਿਐਨ

44. ਜੋ ਆਪਣੀਆਂ ਇਛਾਵਾਂ ਤੇ ਕਾਬੂ ਨਹੀਂ ਕਰ ਸਕਦਾ, ਉਹ ਸਾਧਨਾ (ਧਰਮ ਪਾਲਣਾ) ਕਿਵੇਂ ਕਰ ਸਕਦਾ ਹੈ। —ਦਸ਼ਵੈਕਾਲਿਕ

45. ਲਗਾਵ ਦੀ ਭਾਵਨਾ ਖਤਰਨਾਕ ਹੈ। —ਉਤਰਾਧਿਐਨ

46. ਮਨੁੱਖ ਰਾਹੀਂ ਕੀਤਾ ਚੰਗਾ ਕਰਮ ਹਮੇਸ਼ਾ ਸਫਲ ਹੁੰਦਾ ਹੈ। —ਉਤਰਾ···

47. ਜਨਮ ਮਰਨ ਦੇ ਸਵਰੂਪ ਨੂੰ ਸਮਝ ਕੇ ਚਾਰਿਤਰ (ਭਗਤੀ ਭਾਵਨਾ) ਵਿਚ ਦਰਿੜ੍ਹ ਰਹੋ।

48. ਪਾਪ ਕਰਮ ਸਾਧੂ ਨਾ ਆਪ ਕਰੇ ਨਾ ਕਿਸੇ ਤੋਂ ਕਰਵਾਏ।

49. ਆਪਣੀ ਸ਼ਕਤੀ ਨੂੰ ਕਦੇ ਛਪਾਣਾ ਨਹੀਂ ਚਾਹੀਦਾ। —ਅਚਾਰਾਂਗ

50. ਜੋ ਸਮਾਂ ਵਰਤਮਾਨ ਵਿਚ ਚਲ ਰਿਹਾ ਹੈ। ਉਹ ਹੀ ਮਹਤੱਵ ਪੂਰਨ ਹੈ। ਸਾਧੂ ਇਸ ਸਮੇਂ ਨੂੰ ਸਫਲ ਬਣਾਵੇ। —ਸੂਤਰ···

51. ਜੀਵਨ ਤੇ ਰੂਪ ਅਸਮਾਨੀ ਬਿਜਲੀ ਦੀ ਤਰ੍ਹਾਂ ਚੰਚਲ ਹਨ। —ਸੂਤਰ···

52. ਸਮੇਂ ਸਮੇਂ ਅਨੁਸਾਰ ਕੰਮ ਕਰਨਾ ਚਾਹੀਦਾ ਹੈ।

53. ਉਮਰ ਤੇ ਜੋਬਨ ਬੀਤ ਰਿਹਾ ਹੈ। —ਅਚਾਰਾਂਗ

54. ਸੇਵਾ ਕਰਨ ਨਾਲ ਜੀਵ ਤੀਰਥੰਕਰ ਗੋਤਰ ਦੀ ਪ੍ਰਾਪਤੀ ਕਰਦਾ ਹੈ।
—ਉਤਰਾ···

55. ਸਵਾਧਿਆਏ ਰਾਹੀਂ ਜੀਵ ਗਿਆਨ ਵਰਨੀਆ (ਅਗਿਆਨਤਾ ਦਾ ਕਾਰਣ) ਕਰਮ ਦਾ ਖਾਤਮਾ ਕਰਦਾ ਹੈ।

56. ਜ਼ਿੰਦਗੀ ਪਾਣੀ ਵਿਚ ਬੁਲਬਲੇ ਦੀ ਤਰ੍ਹਾਂ ਅਤੇ ਘਾਹ ਤੇ ਪਈ ਸਵੇਰ ਸਮੇਂ ਓਸ ਦੇ ਕਣ ਦੀ ਤਰ੍ਹਾਂ ਹੈ।

57. ਸ਼ਰੀਰ ਨੂੰ ਛੱਡ ਦੇਵੋ ਪਰ ਧਰਮ ਨਾ ਛੱਡੋ। ਦਸ਼ਵੈਕਾਲਿਕ

58. ਮਮਤਾ ਦਾ ਬੰਧਨ ਮਹਾਨ ਡਰ ਦਾ ਕਾਰਣ ਹੈ।

59. ਧਨ, ਅਨਾਜ ਆਦਿ ਵਸਤਾਂ ਪ੍ਰਤੀ ਮੋਹ ਕਾਰਣ ਮਨੁੱਖ ਦੁਖੀ ਹੁੰਦਾ ਹੈ।

60. ਜਿਨਦੇਵ (ਤੀਰਥੰਕਰ ਅਰਿਹੰਤ) ਦੀ ਆਗਿਆ ਹੀ ਧਰਮ ਹੈ। —ਅਚਾਰਾਂਗ

61. ਜ਼ਿੰਦਗੀ ਇਕ ਪਲ ਵੀ ਵਧ ਨਹੀਂ ਸਕਦੀ। —ਅਚਾਰਾਂਗ

62. ਸੱਚ ਤੇ ਸਥਿਰ ਹੋ ਕੇ ਡਟੇ ਰਹੋ। —ਅਚਾਰਾਂਗ

63. ਹੇ ਗੋਤਮ ! ਥੋੜੇ ਸਮੇਂ ਲਈ ਵੀ ਅਣਗਹਿਲੀ ਨਾ ਕਰੋ।

64. ਬੁਧੀਮਾਨ ਆਪਣੇ ਕੰਮ ਵਿਚ ਦਿਲਚਸਪੀ ਰਖੇ। —ਸੂਤਰ

65. ਝੂਠੇ ਅਣਗਹਿਲੀ ਦਾ ਤਿਆਗ ਕਰੋ।

●